ਕੈਨੇਡਾ
# ਪੰਜਾਬ ਲਿੰਕ
WEEKLY NEWSPAPER
52 YEARS OF EXCELLENCE — THE LINK GROUP
VOL. : 12 ISSUE : 03 SATURDAY, 20 JANUARY, 2024
www.punjablinkpaper.com 604-503-5465



MORTGAGE EXPERT
ਮੌਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
• Residential Mortgage
• Construction Mortgage
• Commercial Loan
• Private Loan
SATNAM SAROYA
MORTGAGE SPECIALIST
HOMEKEY MORTGAGES INC.
604.760.9172
# 384-8148 128 St., Surrey
6303 Fraser St., Vancouver



Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
• ਲਾਇਫ ਇੰਸ਼ੋਰੈਂਸ • ਟ੍ਰੈਵਲ ਇੰਸ਼ੋਰੈਂਸ
• ਡਿਸੇਬਿਲਟੀ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• RESP,RRSP's
• ਮੌਰਟਗੇਜ ਇੰਸ਼ੋਰੈਂਸ
• ਮਨੀ ਬੈਕ ਟਰਮ ਇੰਸ਼ੋਰੈਂਸ
• ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
• ਨੋਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com


# ਕੈਨੇਡਾ ਵੱਲੋਂ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਸੀਮਤ ਕਰਨ ਦੇ ਸੰਕੇਤ

ਓਟਾਵਾ-ਕੈਨੇਡਾ ਵਿਚ ਵਧਦੇ ਬੇਰੁਜ਼ਗਾਰੀ ਤੇ ਹਾਊਸਿੰਗ ਸੰਕਟ ਦੇ ਮੱਦੇਨਜ਼ਰ ਆਵਾਸ ਮੰਤਰੀ ਮਾਰਕ ਮਿਲਰ ਨੇ ਕਿਹਾ ਹੈ ਕਿ ਉਹ ਅਗਲੇ ਕੁਝ ਮਹੀਨਿਆਂ 'ਚ ਦੇਸ਼ ਵਿਚ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਸੀਮਤ ਕਰਨ ਦੀ ਸੰਭਾਵਨਾ ਉਤੇ ਵਿਚਾਰ ਕਰ ਰਹੇ ਹਨ। ਜ਼ਿਕਰਯੋਗ ਹੈ ਕਿ ਦੇਸ਼ ਵਿਚ ਰਿਹਾਇਸ਼ ਕਾਫੀ ਮਹਿੰਗੀ ਹੋ ਗਈ ਹੈ ਤੇ ਘਰ ਖ਼ਰੀਦਣਾ ਲੋਕਾਂ ਦੀ ਸਮਰੱਥਾ ਤੋਂ ਬਾਹਰ ਹੁੰਦਾ ਜਾ ਰਿਹਾ ਹੈ। ਸੀਟੀਵੀ ਨਿਊਜ਼ ਦੀ ਇਕ ਰਿਪੋਰਟ ਮੁਤਾਬਕ ਮੰਤਰੀ ਨੇ ਇਹ ਨਹੀਂ ਦੱਸਿਆ ਕਿ ਸਰਕਾਰ ਆਵਾਸ ਢਾਂਚੇ ਵਿਚ ਇਹ ਗਿਣਤੀ ਕਿਹੜੇ ਪੱਧਰ ਤੱਕ ਘਟਾਉਣ ਬਾਰੇ ਸੋਚ ਰਹੀ ਹੈ। ਚੈਨਲ ਨੂੰ ਦਿੱਤੀ ਇੰਟਰਵਿਊ ਵਿਚ ਮੰਤਰੀ ਨੇ ਕਿਹਾ ਕਿ ਇਸ ਬਾਰੇ ਫੈਡਰਲ ਸਰਕਾਰ ਨੂੰ ਸੂਬਾ ਸਰਕਾਰਾਂ ਨਾਲ ਗੱਲਬਾਤ ਕਰਨ ਦੀ ਲੋੜ ਹੈ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਜਿਹੜੇ ਸੂਬੇ ਆਪਣਾ ਕੰਮ ਨਹੀਂ ਕਰ ਰਹੇ ਹਨ, ਅਸਲ ਵਿਚ ਉਹ ਨਿਰੋਲ ਗਿਣਤੀ ਦੇ ਅਧਾਰ ਉਤੇ ਇਨ੍ਹਾਂ ਅੰਕੜਿਆਂ 'ਤੇ ਲਗਾਮ ਕੱਸਣ। ਮਿੱਲਰ ਨੇ ਕੈਨੇਡਾ ਵਿਚ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਦੇ ਸੰਦਰਭ ਵਿਚ ਕਿਹਾ ਕਿ 'ਵਰਤਮਾਨ ਗਿਣਤੀ ਚਿੰਤਾਜਨਕ ਹੈ'। ਉਨ੍ਹਾਂ ਕਿਹਾ ਕਿ 'ਇਹ ਇਕ ਅਜਿਹਾ ਢਾਂਚਾ ਹੈ ਜੋ ਕਾਬੂ ਤੋਂ ਬਾਹਰ ਹੋ ਗਿਆ ਹੈ।' ਮਿਲਰ ਨੇ ਕਿਹਾ ਕਿ ਇਸ ਸਾਲ ਦੀ ਪਹਿਲੀ ਤੇ ਦੂਜੀ ਤਿਮਾਹੀ ਵਿਚ ਉਹ ਹਾਊਸਿੰਗ ਦੀ ਮੰਗ ਘਟਾਉਣ ਲਈ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਸੀਮਤ ਕਰਨ ਦੀ ਸੰਭਾਵਨਾ ਉਤੇ ਵਿਚਾਰ ਕਰ ਰਹੇ ਹਨ।



ਮਿਲਰ ਨੇ ਕਿਹਾ ਕਿ ਪਹਿਲਾਂ ਫੈਡਰਲ ਪੱਧਰ ਉਤੇ ਗਿਣਤੀ ਨੂੰ ਸੋਧਣ ਦੀ ਲੋੜ ਹੈ। ਇਸ ਤੋਂ ਬਾਅਦ 'ਥੋੜ੍ਹਾ ਬਾਰੀਕੀ ਨਾਲ' ਦੇਖਿਆ ਜਾਵੇਗਾ ਕਿ ਵੱਖ-ਵੱਖ ਸੂਬਿਆਂ ਵਿਚ ਨਿੱਜੀ ਅਕਾਦਮਿਕ ਸੰਸਥਾਵਾਂ ਕੀ ਕਰ ਰਹੀਆਂ ਹਨ, ਜੋ ਕਿ ਸੰਭਾਵੀ ਤੌਰ 'ਤੇ ਵੱਧ ਤੋਂ ਵੱਧ ਕੌਮਾਂਤਰੀ ਵਿਦਿਆਰਥੀਆਂ ਨੂੰ ਸੱਦ ਕੇ ਮੁਨਾਫਾ ਕਮਾ ਰਹੀਆਂ ਹਨ। ਮਿਲਰ ਨੇ ਕਿਹਾ, 'ਸਾਨੂੰ ਆਪਣਾ ਕੰਮ ਕਰਨ ਦੀ ਲੋੜ ਹੈ ਤੇ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਸਾਡੇ ਕੋਲ ਅਜਿਹਾ ਢਾਂਚਾ ਹੋਵੇ ਜੋ ਯਕੀਨੀ ਬਣਾਏ ਕਿ ਲੋਕਾਂ ਕੋਲ ਕੈਨੇਡਾ ਆਉਣ ਦੀ ਵਿੱਤੀ ਸਮਰੱਥਾ ਹੋਵੇ, ਤੇ ਅਸੀਂ ਇਸੇ ਲਈ ਆਫਰ ਲੈਟਰ ਦੀ ਪੁਸ਼ਟੀ ਕਰ ਰਹੇ ਹਾਂ।' ਉਨ੍ਹਾਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਸਰਕਾਰ ਗਿਣਤੀ 'ਤੇ ਚਰਚਾ ਸ਼ੁਰੂ ਕਰੇ ਤੇ ਇਸ ਦੇ ਵੱਖ-ਵੱਖ ਖੇਤਰਾਂ ਉਤੇ ਪੈ ਰਹੇ ਅਸਰ ਬਾਰੇ ਵਿਚਾਰ ਕਰੇ।

*(ਬਾਕੀ ਸ.ਫਾ 10 'ਤੇ)*

## ਭਾਰਤੀਆਂ ਲਈ ਸਟੱਡੀ ਵੀਜ਼ਿਆਂ 'ਚ ਕਮੀ

ਓਟਾਵਾ-ਕੈਨੇਡਾ ਦੇ ਆਵਾਸ ਮੰਤਰੀ ਮਾਰਕ ਮਿਲਰ ਨੇ ਇਕ ਇੰਟਰਵਿਊ ਵਿਚ ਕਿਹਾ ਹੈ ਕਿ ਉਨ੍ਹਾਂ ਦੇ ਮੁਲਕ ਵੱਲੋਂ ਭਾਰਤੀ ਵਿਦਿਆਰਥੀਆਂ ਨੂੰ ਜਾਰੀ ਕੀਤੇ ਜਾ ਰਹੇ ਸਟੱਡੀ ਵੀਜ਼ਿਆਂ ਦੀ ਗਿਣਤੀ ਵਿਚ ਪਿਛਲੇ ਸਾਲ ਦੇ ਅਖੀਰ ਤੋਂ ਕਾਫ਼ੀ ਕਮੀ ਆਈ ਹੈ। ਇਹ ਕਮੀ ਕੈਨੇਡੀਅਨ ਡਿਪਲੋਮੈਟਾਂ ਨੂੰ ਭਾਰਤ ਵੱਲੋਂ ਵਾਪਸ ਭੇਜੇ ਜਾਣ ਮਗਰੋਂ ਆਈ ਹੈ ਜੋ ਸਟੱਡੀ ਪਰਮਿਟ 'ਤੇ ਫੈਸਲਾ ਲੈਂਦੇ ਹਨ। 'ਰਾਇਟਰਜ਼' ਨੂੰ ਦਿੱਤੀ ਇੰਟਰਵਿਊ ਵਿਚ ਮਿਲਰ ਨੇ ਦੱਸਿਆ ਕਿ ਕੈਨੇਡਾ ਵਿਚ ਸਿੱਖ ਵੱਖਵਾਦੀ ਦੀ ਹੱਤਿਆ 'ਤੇ ਦੋਵਾਂ ਦੇਸ਼ਾਂ ਵਿਚਾਲੇ ਬਣੇ ਕੂਟਨੀਤਕ ਤਣਾਅ ਕਾਰਨ ਵੀ ਘੱਟ ਵਿਦਿਆਰਥੀਆਂ ਨੇ ਹੀ ਵੀਜ਼ਾ ਲਈ ਅਰਜ਼ੀ ਦਿੱਤੀ ਸੀ। ਆਵਾਸ ਮੰਤਰੀ ਨੇ ਕਿਹਾ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਭਾਰਤੀਆਂ ਨੂੰ ਦਿੱਤੇ ਜਾ ਰਹੇ ਵਿਦਿਆਰਥੀ ਵੀਜ਼ਿਆਂ ਦੀ ਗਿਣਤੀ ਜਲਦੀ ਪਹਿਲਾਂ ਵਾਲੇ ਪੱਧਰ ਉਤੇ ਨਹੀਂ ਆ ਸਕੇਗੀ। ਮਿਲਰ ਨੇ ਕਿਹਾ ਕਿ ਕੂਟਨੀਤਕ ਤਣਾਅ ਦਾ ਅਸਰ ਵੀਜ਼ਿਆਂ ਦੀ ਗਿਣਤੀ ਉਤੇ ਪੈਣ ਦੀ ਸੰਭਾਵਨਾ ਬਣੀ ਹੋਈ ਹੈ। ਉਨ੍ਹਾਂ ਕਿਹਾ, 'ਭਾਰਤ ਨਾਲ ਸਾਡੇ ਰਿਸ਼ਤਿਆਂ ਨੇ ਉੱਥੋਂ ਆ ਰਹੀਆਂ ਅਰਜ਼ੀਆਂ ਨੂੰ ਨਿਬੇੜਨ ਦੀ ਸਾਡੀ ਸਮਰੱਥਾ ਨੂੰ ਅੱਧਾ ਕਰ ਦਿੱਤਾ ਹੈ।


For All Kind of Real Estate Needs
ਕਾਬਲੀਅਤ, ਤਜ਼ਰਬਾ ਅਤੇ ਸਮਜਦਾਰੀ... ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com



ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰ੍ਹਿਆਂ ਤੋਂ ਵੱਧ ਦਾ ਤਜਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੌਇੰਟਮੈਂਟ
ARVINDER S. KALSEY AVINEET S. KALSEY
• ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
• ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions
& Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca



BALLOWAL MONEY EXCHANGE
6418-Claytonwood Gate, Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
5 Hour Service Available
Sher Singh Grewal
604-749-1955



A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟ੍ਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119-12888 - 80th Ave., Surrey PH: 604-598-2222
32088 Cedar Lane, Abbotsford PH: 604-615-2222



Keep Smiling Denture Clinic
• Complete Denture
• Implant Denture
• Partial Denture
Care Home Mobile Service | ਮੁਫਤ ਸਲਾਹ ਲਈ ਅੱਜ ਹੀ ਮਿਲੋ
ਤਾਂ ਸਾਨੂੰ Suction Denture ਬਾਰੇ ਜਾਣਨ ਲਈ ਮਿਲੋ
ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
SEMCD
Gagan Chahal R.D.
Registered Denturist
778-600-0811 13117-67A Ave, Surrey, BC
778-600-0810 2644 Cyril St Abbotsford BC



MORTGAGE SPECIALIST!
Residential Construction, Commercial and Private Mortgages
• Pre - Approval available in 24 Hours
- rate hold - 120 days
• Bad credit also welcome
AMANDEEP DUGGAL
MORTGAGE BROKER
A Better Way
604-368-2030
604-227-9694
# 102-6321 King George Blvd, Surrey



TRANSource FREIGHTWAYS
ਕੰਮ ਲਈ Drivers and Owner Operators ਚਾਹੀਦੇ ਹਨ।
ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ
BC - ALBERTA
ALBERTA - BC
Fuel and Insurance Paid by Company
NO DEDUCTIONS!!
ਓਨਰ ਓਪਰੇਟਰਾਂ ਨੂੰ ਲੋਕਲ ਅਤੇ ਹਾਈਵੇਅ ਰੂਟਾਂ ਵਾਸਤੇ ਹਾਇਰ ਕਰ ਰਹੀ ਹੈ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
SUKHBIR SINGH: 604-525-0527 Ext 112
ਸ਼ਨੀਵਾਰ: 604-808-9805
Email:safety@transourcefreightways.com



mortgages lab
ਕਿਸੇ ਵੀ ਤਰ੍ਹਾਂ ਦੀ ਮੌਰਗੇਜ ਲੈਣ ਲਈ ਸੰਪਰਕ ਕਰੋ
• ਪਹਿਲੀ ਵਾਰ ਘਰ ਖਰੀਦੋ ਦੇ 5% down purchase ਨਾਲ
• ਖਰੀਦਣਾ, ਰਿਫਾਇਨਾਂਸ ਅਤੇ ਸਵਿੱਚ
• ਰੈਜ਼ੀਡੈਂਸ਼ਿਅਲ, ਕਮਰਸ਼ਿਅਲ ਅਤੇ ਲੈਂਡ ਮੌਰਗੇਜ
Rate hold from 6 months to 1 year
Get Preapproval in 2 Hours
HARPREET SINGH
Mortgage Broker
Ph: 778.558.9745
harpreetfunding@gmail.com
@harpreetfunding
Licensed professional mortgage broker



APNA DENTAL CENTRE
UNIT 306-A, 8035 120 STREET
DELTA, BC V4C 6P8
Dr. Pran Nath Vashisht (Dentist)
TEL: 778-592-4400
apnadental.delta@gmail.com



ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey



ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤੱਸਲੀਬਖ਼ਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002


FRASERVIEW
BANQUET HALL
presents
the Views
dosa hub
FUSION OF FLAVOURS
IN OUR EVERY BITE
LUNCH SPECIALS
11 AM - 3 PM
HAPPY HOURS
4 PM - 6 PM
8248, Fraser Street
236-455-5848
viewsdosahub.com


ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
# ਪੰਜਾਬ ਲਿੰਕ
52 YEARS OF EXCELLENCE — THE LINK GROUP
WEEKLY NEWSPAPER
VOL. : 12 ISSUE : 03 SATURDAY, 20 JANUARY, 2024
www.punjablinkpaper.com 604-503-5465

ਰੇਡੀਓ ਪੰਜਾਬ ਹੁਣ AM 1600 ਅਤੇ 105.3 FM 'ਤੇ
Radio Punjab
ਤਿੰਨ ਰੰਗ
6pm to 9pm
B.C. Time
Every Weekend
Amarjit Singh
Studio: #300 12960 84AVE Surrey
Ph: 604 335 1313
www.radiopunjab.ca

# ਰਾਮਲਲਾ ਦੀ ਮੂਰਤੀ ਅਯੁੱਧਿਆ ਮੰਦਰ ਦੇ 'ਗਰਭ ਗ੍ਰਹਿ' ਵਿਚ ਸਥਾਪਤ

ਅਯੁੱਧਿਆ-ਸ੍ਰੀ ਰਾਮ ਮੰਦਰ ਨਿਰਮਾਣ ਕਮੇਟੀ ਦੇ ਚੇਅਰਪਰਸਨ ਨਰਿਪੇਂਦਰ ਮਿਸ਼ਰਾ ਨੇ ਕਿਹਾ ਕਿ ਦੁਪਹਿਰ ਵੇਲੇ ਰਾਮਲੱਲਾ ਦੀ ਮੁੱਖ ਮੂਰਤੀ ਗਰਭ ਗ੍ਰਹਿ ਵਿੱਚ ਲਿਆਂਦੀ ਗਈ ਹੈ। ਇਸ ਤੋਂ ਪਹਿਲਾਂ ਬੁੱਧਵਾਰ ਨੂੰ ਮੰਤਰਾਂ ਦੇ ਉਚਾਰਨ ਵਿਚਾਲੇ ਮੁੱਖ ਮੂਰਤੀ ਦੀ ਪ੍ਰਤੀ ਕ੍ਰਿਤੀ ਪ੍ਰਤੀਕ ਤੌਰ 'ਤੇ 'ਪਰਿਸਰ ਪ੍ਰਵੇਸ਼' (ਕੰਪਲੈਕਸ 'ਚ ਦਾਖਲੇ) ਲਈ ਲਿਆਂਦੀ ਗਈ ਸੀ। ਉਸ ਤੋਂ ਪਹਿਲਾਂ ਬੁੱਧਵਾਰ ਨੂੰ 'ਕਲਸ਼ ਪੂਜਨ' ਵੀ ਹੋਇਆ ਸੀ। 'ਜੈ ਸ੍ਰੀ ਰਾਮ' ਦੇ ਜੈਕਾਰਿਆਂ ਵਿਚਾਲੇ ਇਕ ਕਰੇਨ ਦੀ ਮਦਦ ਨਾਲ ਮੁੱਖ ਮੂਰਤੀ ਨੂੰ ਅੰਦਰ ਲਿਆਉਣ ਤੋਂ ਪਹਿਲਾਂ ਗਰਭ ਗ੍ਰਹਿ ਵਿਖੇ ਇਕ ਵਿਸ਼ੇਸ਼ ਪੂਜਾ ਕੀਤੀ ਗਈ ਸੀ। ਮਿਸ਼ਰਾ ਅਨੁਸਾਰ ਇਹ ਮੂਰਤੀ ਇਕ ਟਰੱਕ ਵਿੱਚ ਮੰਦਰ ਤੱਕ ਲਿਆਂਦੀ ਗਈ। ਰਾਮ ਮੰਦਰ ਟਰੱਸਟ ਦੇ ਅਧਿਕਾਰੀਆਂ ਮੁਤਾਬਕ ਰਾਮ ਮੰਦਰ ਵਿੱਚ 'ਪ੍ਰਾਣ ਪ੍ਰਤਿਸ਼ਠਾ' ਸਮਾਰੋਹ 22 ਜਨਵਰੀ ਨੂੰ ਦੁਪਹਿਰ 12.20 ਵਜੇ ਸ਼ੁਰੂ ਹੋਣਗੇ ਜੋ ਕਿ ਬਾਅਦ ਦੁਪਹਿਰ ਇਕ ਵਜੇ ਤੱਕ ਸਮਾਪਤ ਹੋਣ ਦੀ ਆਸ ਹੈ। ਉਧਰ, ਕੇਂਦਰੀ ਗ੍ਰਹਿ ਮੰਤਰਾਲੇ ਨੇ ਰਾਮ ਮੰਦਰ ਦੇ




ਉਦਘਾਟਨ ਤੋਂ ਪਹਿਲਾਂ ਕਿਸੇ ਵੀ ਤਰ੍ਹਾਂ ਦੇ ਸਾਈਬਰ ਖ਼ਤਰੇ ਤੋਂ ਨਜਿੱਠਣ ਲਈ ਇਕ ਉੱਚ ਪੱਧਰੀ ਟੀਮ ਅਯੁੱਧਿਆ ਭੇਜ ਦਿੱਤੀ ਹੈ। ਸੂਤਰਾਂ ਮੁਤਾਬਕ ਇਸ ਟੀਮ ਵਿੱਚ ਗ੍ਰਹਿ ਮੰਤਰਾਲੇ ਦੇ ਅਧਿਕਾਰੀਆਂ ਤੋਂ ਇਲਾਵਾ ਇੰਡੀਅਨ ਸਾਈਬਰ ਕ੍ਰਾਈਮ ਕੋਆਰਡੀਨੇਸ਼ਨ ਸੈਂਟਰ, ਇਲੈਕਟ੍ਰੋਨਿਕਸ

*(ਬਾਕੀ ਸਫ਼ਾ 10 'ਤੇ)*

## ਪ੍ਰਧਾਨ ਮੰਤਰੀ ਵੱਲੋਂ ਰਾਮ ਮੰਦਰ ਬਾਰੇ ਯਾਦਗਾਰੀ ਡਾਕ ਟਿਕਟ ਜਾਰੀ

ਨਵੀਂ ਦਿੱਲੀ-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਯੁੱਧਿਆ 'ਚ ਰਾਮ ਮੰਦਰ 'ਤੇ ਯਾਦਗਾਰੀ ਡਾਕ ਟਿਕਟ ਅਤੇ ਪੂਰੀ ਦੁਨੀਆਂ ਵਿੱਚ ਭਗਵਾਨ ਰਾਮ ਸਬੰਧੀ ਜਾਰੀ ਡਾਕ ਟਿਕਟਾਂ ਦੀ ਇੱਕ ਕਿਤਾਬ ਰਿਲੀਜ਼ ਕੀਤੀ ਅਤੇ ਆਖਿਆ ਕਿ ਇਹ ਭਗਵਾਨ ਰਾਮ, ਸੀਤਾ ਅਤੇ ਰਮਾਇਣ ਦੀ ਝਲਕ ਪੇਸ਼ ਕਰਦੀਆਂ ਹਨ। ਉਨ੍ਹਾਂ ਨੇ ਇੱਕ ਵੀਡੀਓ ਮੈਸਜ ਵਿੱਚ ਕਿਹਾ ਕਿ ਇਹ ਡਾਕ ਟਿਕਟ ਮਹਿਜ਼ ਕਾਗਜ਼ ਦਾ ਇੱਕ ਟੁਕੜਾ ਜਾਂ ਕਲਾਕ੍ਰਿਤੀ ਨਹੀਂ ਹੈ ਬਲਕਿ ਇਹ ਮਹਾਂਕਾਵਿ (ਰਾਮਾਇਣ) ਅਤੇ ਮਹਾਨ ਵਿਚਾਰਾਂ ਦਾ ਇੱਕ ਸੰਖੇਪ ਰੂਪ ਹੈ। ਅਧਿਕਾਰੀਆਂ ਨੇ ਦੱਸਿਆ ਕਿ ਇਸ ਦੇ ਡਿਜ਼ਾਈਨ ਵਿੱਚ ਰਾਮ ਮੰਦਰ, 'ਚੌਪਈ' ਮੰਗਲ ਭਵਨ ਅਮੰਗਲ ਹਰੀ, ਸੂਰਜ, ਸਰਯੂ ਨਦੀ ਅਤੇ ਮੰਦਰ ਵਿਚਲੀਆਂ ਤੇ ਇਸ ਦੇ ਆਸਪਾਸ ਦੀਆਂ ਮੂਰਤੀਆਂ ਸ਼ਾਮਲ ਹਨ। ਮੋਦੀ ਨੇ ਕਿਹਾ ਕਿ ਰਾਮ, ਸੀਤਾ ਅਤੇ ਰਾਮਾਇਣ ਦਾ ਮਹੱਤਵ ਸਮੇਂ, ਸਮਾਜ, ਜਾਤੀ, ਧਰਮ ਅਤੇ ਖੇਤਰੀ ਹੱਦਾਂ ਤੋਂ ਪਰੇ ਹੈ ਅਤੇ ਇਹ ਹਰ ਕਿਸੇ ਨੂੰ ਜੋੜਦਾ ਹੈ। ਪ੍ਰਧਾਨ ਮੰਤਰੀ ਨੇ ਆਖਿਆ ਕਿ ਰਾਮਾਇਣ ਪਿਆਰ ਦੀ ਜਿੱਤ ਦਾ ਸੁਨੇਹਾ ਦਿੰਦੀ ਹੈ ਅਤੇ ਮਾਨਵਤਾ ਨੂੰ ਜੋੜਦਿਆਂ ਲੋਕਾਂ ਨੂੰ ਸਭ ਤੋਂ ਔਖੇ ਸਮੇਂ ਵਿੱਚ ਤਿਆਗ, ਏਕਤਾ ਅਤੇ ਬਹਾਦਰੀ ਸਿਖਾਉਂਦੀ ਹੈ।

## ਐਡਮਿੰਟਨ ਤੋਂ ਪਰਤਿਆ ਗੁਰਵਿੰਦਰ ਸਿੰਘ ਦਿੱਲੀ ਹਵਾਈ ਅੱਡੇ ਤੋਂ ਗ੍ਰਿਫਤਾਰ

ਜਲੰਧਰ-ਨੂਰਮਹਿਲ ਪੁਲੀਸ ਨੇ ਤਿੰਨ ਸਾਲ ਬਾਅਦ ਕੈਨੇਡਾ ਤੋਂ ਪਰਤੇ ਇੱਕ ਪਰਵਾਸੀ ਭਾਰਤੀ ਨੌਜਵਾਨ ਨੂੰ ਦਿੱਲੀ ਹਵਾਈ ਅੱਡੇ ਤੋਂ ਗ੍ਰਿਫ਼ਤਾਰ ਕੀਤਾ ਹੈ। ਉਸ 'ਤੇ ਆਪਣੀ ਪਤਨੀ ਨਾਲ ਕੁੱਟਮਰ ਕਰਨ ਅਤੇ ਉਸ ਨੂੰ ਕੈਨੇਡਾ ਬੁਲਾਉਣ ਲਈ 30 ਲੱਖ ਰੁਪਏ ਮੰਗਣ ਦਾ ਦੋਸ਼ ਹੈ। ਮੁਲਜ਼ਮ ਦੀ ਪਛਾਣ ਗੁਰਵਿੰਦਰ ਸਿੰਘ ਵਾਸੀ ਐਡਮਿੰਟਨ (ਕੈਨੇਡਾ) ਵਜੋਂ ਹੋਈ ਹੈ। ਉਹ ਪਿਛਲੇ ਸਾਲ ਤੋਂ ਫ਼ਰਾਰ ਸੀ। ਬੀਤੀ ਸ਼ਾਮ ਜਦੋਂ ਉਹ ਹਵਾਈ ਅੱਡੇ ਪਹੁੰਚਿਆ ਤਾਂ ਜਲੰਧਰ ਪੁਲੀਸ ਨੂੰ ਇਸ ਬਾਰੇ ਸੂਚਨਾ ਦਿੱਤੀ ਗਈ। ਇਸ ਮਗਰੋਂ ਨੂਰਮਹਿਲ ਪੁਲੀਸ ਨੌਜਵਾਨ ਨੂੰ ਲੈਣ ਲਈ ਦਿੱਲੀ ਰਵਾਨਾ ਹੋ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਗੁਰਵਿੰਦਰ ਦੀ ਪਤਨੀ ਨੇ ਦੋ ਸਾਲ ਪਹਿਲਾਂ ਇਸ ਸਬੰਧੀ ਸ਼ਿਕਾਇਤ ਦਰਜ ਕਰਵਾਈ ਸੀ। ਉਸ ਨੇ ਪੁਲੀਸ ਨੂੰ ਦੱਸਿਆ ਸੀ ਕਿ 15 ਦਸੰਬਰ 2019 ਨੂੰ ਨੂਰਮਹਿਲ 'ਚ ਉਨ੍ਹਾਂ ਦਾ ਵਿਆਹ ਹੋਇਆ ਸੀ। ਇਸ ਤੋਂ ਬਾਅਦ ਗੁਰਵਿੰਦਰ ਵਾਪਸ ਚਲਾ ਗਿਆ। ਜਦੋਂ ਪੀੜਤਾ ਨੇ ਉਸ ਨੂੰ ਕੈਨੇਡਾ ਬੁਲਾਉਣ ਲਈ ਕਿਹਾ ਤਾਂ ਗੁਰਵਿੰਦਰ ਨੇ 30 ਲੱਖ ਰੁਪਏ ਦੀ ਮੰਗ ਕੀਤੀ। ਪੀੜਤਾ ਵੱਲੋਂ ਇਨਕਾਰ ਕਰਨ 'ਤੇ ਮੁਲਜ਼ਮ ਨੇ ਤਲਾਕ ਦੇ ਕਾਗਜ਼ ਭੇਜ ਦਿੱਤੇ।

## ਕੇਜਰੀਵਾਲ ਨੇ ਮੁੜ ਸੰਮਨ ਲੈਣ ਤੋਂ ਕੀਤਾ ਇਨਕਾਰ

### ਕਿਹਾ, ਭਾਜਪਾ ਮੈਨੂੰ ਗ੍ਰਿਫ਼ਤਾਰ ਕਰਨਾ ਚਾਹੁੰਦੀ ਹੈ

ਨਵੀਂ ਦਿੱਲੀ (ਮਨਧੀਰ ਸਿੰਘ ਦਿਓਲ)-ਐਂਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਵੱਲੋਂ ਜਾਰੀ ਚੌਥੇ ਸੰਮਨ ਨੂੰ ਨਜ਼ਰਅੰਦਾਜ਼ ਕਰਦਿਆਂ 'ਆਪ' ਮੁਖੀ ਅਰਵਿੰਦ ਕੇਜਰੀਵਾਲ ਨੇ ਏਜੰਸੀ ਨੂੰ ਸਵਾਲ ਕੀਤਾ ਹੈ ਕਿ ਜੇਕਰ ਉਹ ਦਿੱਲੀ ਆਬਕਾਰੀ ਨੀਤੀ ਕੇਸ 'ਚ ਮੁਲਜ਼ਮ ਨਹੀਂ ਹਨ ਤਾਂ ਉਨ੍ਹਾਂ ਨੂੰ ਨੋਟਿਸ ਕਿਉਂ ਜਾਰੀ ਕੀਤੇ ਜਾ ਰਹੇ ਹਨ। ਉਨ੍ਹਾਂ ਈਡੀ ਦੀ ਪੁੱਛ-ਪੜਤਾਲ 'ਚ ਸ਼ਾਮਲ ਹੋਣ ਤੋਂ ਇਨਕਾਰ ਕਰਦਿਆਂ ਜਾਂਚ ਏਜੰਸੀ ਨੂੰ ਪੱਤਰ ਲਿਖ ਕੇ ਆਪਣਾ ਜਵਾਬ ਭੇਜਿਆ ਹੈ। ਕੇਜਰੀਵਾਲ ਨੇ ਦੋਸ਼ ਲਾਇਆ ਕਿ ਭਾਜਪਾ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨਾ ਚਾਹੁੰਦੀ ਹੈ ਤਾਂ ਜੋ ਉਹ ਆਉਣ ਵਾਲੀਆਂ ਲੋਕ ਸਭਾ ਚੋਣਾਂ ਲਈ ਪ੍ਰਚਾਰ ਨਾ ਕਰ ਸਕਣ। ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਨੇ ਕਿਹਾ,"ਈਡੀ ਨੇ ਮੈਨੂੰ ਚੌਥਾ ਨੋਟਿਸ ਭੇਜਿਆ ਹੈ। ਇਹ ਸਾਰੇ ਨੋਟਿਸ ਗੈਰਕਾਨੂੰਨੀ ਹਨ ਤੇ ਸਿਆਸੀ ਸਾਜ਼ਿਸ਼ ਤਹਿਤ ਭੇਜੇ ਜਾ ਰਹੇ ਹਨ। ਇਹ ਜਾਂਚ ਦੋ ਸਾਲਾਂ ਤੋਂ ਚੱਲ ਰਹੀ ਹੈ ਪਰ ਉਨ੍ਹਾਂ ਨੂੰ ਕੁਝ ਨਹੀਂ ਮਿਲਿਆ। ਉਹ ਲੋਕ ਸਭਾ ਚੋਣਾਂ ਤੋਂ ਦੋ ਮਹੀਨੇ ਪਹਿਲਾਂ ਮੈਨੂੰ ਅਚਾਨਕ ਨੋਟਿਸ ਕਿਉਂ ਭੇਜ ਰਹੇ ਹਨ?" ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਈਡੀ ਨੂੰ ਚਲਾ ਰਹੀ ਹੈ। ਈਡੀ ਨੇ ਪਿਛਲੇ ਹਫ਼ਤੇ ਕੇਜਰੀਵਾਲ ਨੂੰ ਚੌਥਾ ਸੰਮਨ ਜਾਰੀ ਕਰਕੇ ਏਜੰਸੀ ਸਾਹਮਣੇ ਪੇਸ਼ ਹੋਣ ਲਈ ਕਿਹਾ ਸੀ। 'ਆਪ' ਤਰਜਮਾਨ ਪ੍ਰਿਅੰਕਾ ਕੱਕੜ ਨੇ ਕਿਹਾ ਕਿ ਕੇਜਰੀਵਾਲ ਇਮਾਨਦਾਰ ਨੇਤਾ ਹਨ ਤੇ ਭਾਜਪਾ ਉਨ੍ਹਾਂ ਦੀ ਇਮਾਨਦਾਰੀ ਤੋਂ ਡਰਦੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਪਾਰਟੀ ਦਾ ਕੋਈ ਵੀ ਨੇਤਾ ਭ੍ਰਿਸ਼ਟ ਨਹੀਂ ਹੈ ਜਿਸ ਕਾਰਨ ਉਹ ਭਾਜਪਾ 'ਚ ਸ਼ਾਮਲ ਨਹੀਂ ਹੋਏ। ਭਾਜਪਾ ਦੇ ਬੁਲਾਰੇ ਗੌਰਵ ਭਾਟੀਆ ਨੇ ਕਿਹਾ ਕਿ ਜੇ ਕੇਜਰੀਵਾਲ ਨੂੰ ਯਕੀਨ ਹੈ ਕਿ ਉਹ ਬੇਕਸੂਰ ਹੈ ਤਾਂ ਉਹ ਅਦਾਲਤ ਦਾ ਰੁਖ਼ ਕਿਉਂ ਨਹੀਂ ਕਰਦੇ ਹਨ।



GOLDMINE INSURANCE
A MEMBER OF ALL CANADIAN INSURANCE
Home, Business, Auto — ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੇਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਆਵਰ ਗਲੋਬਲ ਵਿਲੇਜ ਸਰੀ ਦੇ ਵਲੰਟੀਅਰਾਂ ਨੇ ਬੇਘਰੇ ਭਾਈਚਾਰੇ ਨਾਲ ਮਨਾਇਆ ਮਾਘੀ ਦਾ ਪਵਿੱਤਰ ਦਿਹਾੜਾ

ਸਰੀ (ਹਰਦਮ ਮਾਨ)-ਸਰੀ ਵਿਚ 2014 ਤੋਂ ਸਮਾਜ ਸੇਵਾ ਦੇ ਖੇਤਰ ਵਿਚ ਕਈ ਪਹਿਲਕਦਮੀਆਂ ਕਰ ਚੁੱਕੀ ਆਵਰ ਗਲੋਬਲ ਵਿਲੇਜ ਚੈਰੀਟੇਬਲ ਫਾਊਂਡੇਸ਼ਨ ਸਰੀ ਵੱਲੋਂ ਇਸ ਸਾਲ ਵੀ ਮਾਘੀ ਦਾ ਪਵਿੱਤਰ ਤਿਓਹਾਰ ਸਰੀ ਵਿਚ ਰਹਿ ਰਹੇ ਕੁਝ ਬੇਘਰੇ ਪਰਿਵਾਰਾਂ ਨੂੰ ਭੋਜਨ ਪਰੋਸ ਕੇ ਅਤੇ ਲੋੜੀਂਦੇ ਗਰਮ ਕੱਪੜਿਆਂ ਦਾ ਨਿੱਘ ਪ੍ਰਦਾਨ ਕਰ ਕੇ ਮਨਾਇਆ ਗਿਆ। ਫਾਊਂਡੇਸ਼ਨ ਦੇ ਵਲੰਟੀਅਰ ਦੁਪਿਹਰ 12 ਵਜੇ 10667, 135ਏ ਸਟਰੀਟ, ਸਰੀ ਵਿਖੇ ਭੋਜਨ ਅਤੇ ਗਰਮ ਕੱਪੜਿਆਂ ਦਾ ਭੰਡਾਰ ਲੈ ਕੇ ਪਹੁੰਚੇ। ਜਿੱਥੇ 200 ਦੇ ਕਰੀਬ ਲੋੜਵੰਦਾਂ ਨੂੰ ਭੋਜਨ ਅਤੇ ਕੱਪੜਿਆਂ ਦੇ




















ਰੂਪ ਵਿਚ ਲੋੜੀਦੀਆਂ ਵਸਤਾਂ ਵੰਡੀਆਂ ਗਈਆਂ। ਆਵਰ ਗਲੋਬਲ ਵਿਲੇਜ ਚੈਰੀਟੇਬਲ ਫਾਊਂਡੇਸ਼ਨ ਦੀ ਰੂਹੇ-ਰਵਾਂ ਮੀਰਾ ਗਿੱਲ ਨੇ ਇਸ ਮੌਕੇ ਗੱਲਬਾਤ ਕਰਦਿਆਂ ਕਿਹਾ ਕਿ ਇਹ ਸੰਸਥਾ 2014 ਤੋਂ ਕਈ ਪਹਿਲਕਦਮੀਆਂ ਨਾਲ ਸਰੀ ਵਿਚ ਸੇਵਾ ਦਾ ਕਾਰਜ ਕਰਦੀ ਆ ਰਹੀ ਹੈ। ਸਰੀ ਦੇ ਬੇ-ਘਰ ਭਾਈਚਾਰੇ ਨਾਲ ਪਿਛਲੇ 8 ਸਾਲਾਂ ਤੋਂ ਕੰਮ ਕਰਨ 'ਤੇ ਬਹੁਤ ਮਾਣ ਹੈ। ਇਸ ਸੰਸਥਾ ਨੇ 1351 ਸਟਰੀਟ 'ਤੇ 200 ਤੋਂ ਵੱਧ ਬੇਘਰਿਆਂ ਨੂੰ ਟੈਂਟਾਂ ਤੋਂ ਆਸਰਾ-ਘਰਾਂ ਵਿੱਚ ਤਬਦੀਲ ਕਰਵਾਉਣ ਲਈ ਅਗਵਾਈ ਕੀਤੀ। ਉਨ੍ਹਾਂ ਦੱਸਿਆ ਹੈ ਕਿ ਲੋਕਾਂ ਦੀ ਸਹਾਇਤਾ, ਮਾਰਗ ਦਰਸ਼ਨ ਅਤੇ ਉਤਸ਼ਾਹ ਨਾਲ ਫਾਊਂਡੇਸ਼ਨ ਹਮੇਸ਼ਾ ਲਾਲਚ ਤੋਂ ਮੁਕਤ ਰਹਿਣ ਅਤੇ ਆਜ਼ਾਦੀ ਦੇ ਉੱਚੇ ਨੈਤਿਕ ਕਦਮਾਂ 'ਤੇ ਖਰਾ ਉਤਰਨ ਲਈ ਕਾਰਜ ਕਰਦੀ ਆ ਰਹੀ ਹੈ। ਉਨ੍ਹਾਂ ਇਹ ਵੀ ਕਿਹਾ ਹੈ ਕਿ ਆਵਰ ਗਲੋਬਲ ਵਿਲੇਜ ਚੈਰੀਟੇਬਲ ਫਾਊਂਡੇਸ਼ਨ ਇਕ ਗ਼ੈਰ ਲਾਭਕਾਰੀ ਸੰਸਥਾ ਹੈ ਅਤੇ ਲੋਕਾਂ ਵੱਲੋਂ ਦਿੱਤੇ ਦਾਨ ਦਾ 100 ਪ੍ਰਤੀਸ਼ਤ ਲੋੜਵੰਦ ਲੋਕਾਂ ਦੀ ਸਹਾਇਤਾ ਵਿਚ ਨਿਵੇਸ਼ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਹ ਸੇਵਾ ਕਰਨ ਦੀ ਹਿੰਮਤ ਅਸਲ ਵਿਚ ਸਮੁੱਚੇ ਭਾਈਚਾਰੇ ਵੱਲੋਂ ਦਿੱਤੇ ਜਾਂਦੇ ਸਹਿਯੋਗ ਸਦਕੇ ਹੀ ਹੈ। ਕੋਈ ਵੀ ਇਨਸਾਨ ਜਾਂ ਸੰਸਥਾ ਆਪਣੇ ਆਪ ਕੁਝ ਨਹੀਂ ਕਰ ਸਕਦੀ ਜਦੋਂ ਤੱਕ ਕਮਿਊਨਿਟੀ ਦਾ ਸਾਥ ਨਾ ਹੋਵੇ। ਉਨ੍ਹਾਂ ਕਿਹਾ ਕਿ ਕੋਵਿਡ ਤੋਂ ਬਾਅਦ ਇਸ ਲੋੜਵੰਦ ਭਾਈਚਾਰੇ ਦੇ ਮਦਦਗਾਰਾਂ ਵਿਚ ਕਮੀ ਆਈ ਹੈ ਅਤੇ ਅਜਿਹੀ ਸਥਿਤੀ ਵਿਚ ਸਾਨੂੰ ਰਲ ਕੇ ਅਜਿਹੇ ਲੋੜਵੰਦ ਲੋਕਾਂ ਦੀ ਸਹਾਇਤਾ ਕਰਨ ਲਈ ਹੋਰ ਵੀ ਹੰਭਲਾ ਮਾਰਨਾ ਚਾਹੀਦਾ ਹੈ।






# ਸਰਕਾਰ ਇਸਰਾਈਲ ਖ਼ਿਲਾਫ਼ ਦੱਖਣੀ ਅਫਰੀਕਾ ਦੇ ਨਸਲਕੁਸ਼ੀ ਦੇ ਕੇਸ ਦਾ ਸਮਰਥਨ ਨਹੀਂ ਕਰਦੀ-ਟਰੂਡੋ

ਓਟਵਾ-ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਕਿ ਕੈਨੇਡਾ ਇੰਟਰਨੈਸ਼ਨਲ ਕੋਰਟ ਆਫ ਜਸਟਿਸ ਸਾਹਮਣੇ ਦੱਖਣੀ ਅਫਰੀਕਾ ਦੇ ਕੇਸ ਦੇ ਵਿਚਾਰ ਦਾ ਸਮਰਥਨ ਨਹੀਂ ਕਰਦਾ ਕਿ ਗਜ਼ਾ ਵਿਚ ਇਸਰਾਈਲ ਦੀ ਸੈਨਿਕ ਕਾਰਵਾਈ ਨਸਲਕੁਸ਼ੀ ਹੈ। ਓਨਟਾਰੀਓ ਵਿਚ ਗੁਏਲਫ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰੂਡੋ ਨੇ ਕਿਹਾ ਕਿ ਕੈਨੇਡਾ ਲੰਬੇ ਸਮੇਂ ਤੋਂ ਅੰਤਰਰਾਸ਼ਟੀ ਨਿਯਮਾਂ ਆਧਾਰਤ ਵਿਵਸਥਾ ਅਤੇ ਇੰਟਰਨੈਸ਼ਨਲ ਕੋਰਟ ਆਫ ਜਸਟਿਸ ਦਾ ਤਕੜਾ ਸਮਰਥਕ ਰਿਹਾ ਹੈ ਪਰ ਆਈਸੀਜੇ ਅਤੇ ਉਸ ਦੀ ਪ੍ਰਕਿਰਿਆ ਨੂੰ ਸਾਡੇ ਦਿਲੀ ਸਮਰਥਨ ਦਾ ਮਤਲਬ ਇਹ ਨਹੀਂ ਕਿ ਅਸੀਂ ਦੱਖਣੀ ਅਫਰੀਕਾ ਵਲੋਂ ਪੇਸ਼ ਕੀਤੇ ਕੇਸ ਦੇ ਆਧਾਰ ਦਾ ਸਮਰਥਨ ਕਰਦੇ ਹਾਂ ਪਰ ਉਨ੍ਹਾਂ ਕਿਹਾ ਕਿ ਕੈਨੇਡਾ ਕੇਸ ਦੀ ਨੇੜਿਓਂ ਪੈਰਵੀ ਜਾਰੀ ਰੱਖੇਗਾ। ਵਿਦੇਸ਼ ਮੰਤਰੀ ਮੇਲਾਨੀ ਜੋਲੀ ਨੇ ਪ੍ਰਧਾਨ ਮੰਤਰੀ ਵਾਲਾ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਅਦਾਲਤ ਦੇ ਸਮਰਥਨ ਦਾ ਮਤਲਬ ਇਹ ਨਹੀਂ ਕਿ ਅਸੀਂ ਦੱਖਣੀ ਅਫਰੀਕਾ ਵਲੋਂ ਲਿਆਂਦੇ ਕੇਸ ਦੇ ਵਿਚਾਰ ਦਾ ਸਮਰਥਨ ਕਰਦੇ ਹਾਂ। ਜੋਲੀ ਨੇ ਦੁਹਰਾਇਆ ਕਿ ਕੈਨੇਡਾ ਜੰਗਬੰਦੀ ਕਰਵਾਉਣ ਲਈ ਅੰਤਰਰਾਸ਼ਟਰੀ ਯਤਨਾਂ ਦਾ ਸਮਰਥਨ ਕਰਦਾ ਹੈ ਅਤੇ ਕਿਹਾ ਕਿ ਇਸਰਾਈਲ ਨੂੰ ਹਮਾਸ ਤੋਂ ਆਪਣਾ ਬਚਾਅ ਕਰਦਿਆਂ ਅੰਤਰਰਾਸ਼ਟਰੀ ਮਾਨਵਤਾਵਾਦੀ ਕਾਨੂੰਨ ਦਾ ਸਨਮਾਨ ਕਰਨਾ ਚਾਹੀਦਾ ਹੈ।



# ਫਲੀਟਵੁੱਡ-ਪੋਰਟ ਕੇਲਸ ਤੋਂ ਟੋਰੀ ਨਾਮਜ਼ਦਗੀ ਦੀ ਮੰਗ ਕਰ ਰਿਹਾ ਹੈ ਜੈਕ ਹੁੰਦਲ

ਸਰੀ-ਜੈਕ ਹੁੰਦਲ ਨੇ ਫਲੀਟਵੁੱਡ-ਪੋਰਟ ਕੇਲਸ ਲਈ ਟੋਰੀ ਦੀ ਟਿਕਟ 'ਤੇ ਅੱਖ ਰੱਖੀ ਹੋਈ ਹੈ। ਸਰੀ ਸਿਟੀ ਦਾ ਸਾਬਕਾ ਕੌਂਸਲਰ ਹੁੰਦਲ ਇਸ ਹਲਕੇ ਤੋਂ ਕੰਸਰਵੇਟਿਵ ਐਮਪੀ ਨਾਮਜ਼ਦਗੀ ਦੀ ਮੰਗ ਕਰ ਰਿਹਾ ਹੈ ਕਿਉਂਕਿ ਲਿਬਰਲ ਐਮਪੀ ਕੇਨ ਹਾਰਡੀ ਇਸ ਹਲਕੇ ਤੋਂ ਮੁੜ ਚੋਣ ਨਹੀਂ ਲੜ ਰਿਹਾ। ਹੁੰਦਲ ਨੇ ਸਥਾਨਕ ਟੋਰੀ ਮੁਕਾਬਲੇ ਬਾਰੇ ਕਿਹਾ ਕਿ ਇਸ ਵੇਲੇ ਇਹ ਨਿਰਧਾਰਤ ਨਹੀਂ ਪਰ ਨਾਮਜ਼ਦਗੀਆਂ ਦੀ ਮੰਗ ਕੀਤੀ ਜਾ ਰਹੀ ਹੈ। ਟਰੂਡੋ ਸਰਕਾਰ ਦੀਆਂ ਵਿਸ਼ੇਸ਼ ਰੂਪ ਵਿਚ ਹਾਊਸਿੰਗ ਅਤੇ ਅਪਰਾਧ ਬਾਰੇ ਨੀਤੀਆਂ ਨੇ ਹੁੰਦਲ ਵਿਚ ਕੰਸਰਵੇਟਿਵ ਵਜੋਂ ਫੈਡਰਲ ਦਫ਼ਤਰ ਲਈ ਚੋਣ ਲੜਨ ਦੀ ਇੱਛਾ ਪੈਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਸਰੀ ਦੀ ਹਮੇਸ਼ਾ ਗੁੰਝਲਦਾਰ ਹਾਊਸਿੰਗ ਪ੍ਰਕਿਰਿਆ ਰਹੀ ਹੈ ਅਤੇ ਯਕੀਨਨ ਤੌਰ 'ਤੇ ਇਸ ਨਾਲ ਮੰਗ ਬਹੁਤ ਜ਼ਿਆਦਾ ਰਹੀ ਹੈ ਪਰ ਤੁਹਾਨੂੰ ਪਤਾ ਹੈ ਕਿ ਜਦੋਂ ਅਸੀਂ ਅਗਲੀ ਪੀੜ੍ਹੀ ਨੂੰ ਦੇਖਣਾ ਸ਼ੁਰੂ ਕਰਦੇ ਹਾਂ ਤਾਂ ਉਹ ਮਕਾਨ ਮਾਲਕੀ ਦੀ ਆਸ ਛੱਡ ਰਹੀ ਹੈ। ਜਿਸ ਰਾਹ 'ਤੇ ਆਰਥਿਕਤਾ ਚੱਲ ਰਹੀ ਹੈ ਉਸ ਤੋਂ ਮੈਂ ਥੱਕ ਗਿਆ ਹਾਂ, ਉਹ ਅਜਿਹੀ ਸਰਕਾਰ ਤੋਂ ਥੱਕ ਗਿਆ ਹੈ ਜਿਹੜੀ ਐਨਡੀਪੀ ਨਾਲ ਸਮਝੌਤੇ ਦੇ ਆਧਾਰ 'ਤੇ ਕਾਇਮ ਕੀਤੀ ਗਈ ਹੈ। ਹੁੰਦਲ ਫਲੀਟਵੁੱਡ-ਪੋਰਟ ਕੇਲਸ ਹਲਕੇ ਵਿਚ ਪਿਛਲੇ 20 ਸਾਲ ਤੋਂ ਰਹਿ ਰਿਹਾ ਹੈ। ਸੇਵਾਮੁਕਤ ਸਰੀ ਪੁਲਿਸ ਅਧਿਕਾਰੀ ਹੁੰਦਲ 2018 ਵਿਚ ਸਰੀ ਸਿਟੀ ਕੌਂਸਲ ਲਈ ਚੁਣਿਆਂ ਗਿਆ ਸੀ। ਉਹ ਮੇਅਰ ਡੱਗ ਮੈਕਲਮ ਦੀ ਸੇਫ ਸਰੀ ਕੁਲੀਸ਼ਨ ਨਾਲ ਮਿਲ ਕੇ ਚੱਲ ਰਿਹਾ ਸੀ ਪਰ ਜੁਲਾਈ 2019 ਵਿਚ ਵੱਖ ਹੋ ਗਿਆ। ਕੁਝ ਮਹੀਨੇ ਬਾਅਦ ਉਨ੍ਹਾਂ ਤੇ ਬਰੈਂਡਾ ਲੋਕ ਨੇ ਸਰੀ ਕੁਨੈਕਟ ਬਣਾ ਲਈ ਪਰ ਉਨ੍ਹਾਂ ਨੇ 2022 ਦੀਆਂ ਕੌਂਸਲ ਚੋਣਾਂ ਨਹੀਂ ਲੜੀਆਂ। 76 ਸਾਲਾ ਹਾਰਡੀ ਨੇ ਨਾਊ-ਲੀਡਰ ਨੂੰ ਮਈ ਵਿਚ ਦੱਸਿਆ ਸੀ ਕਿ ਉਹ ਮੁੜ ਤੋਂ ਚੋਣ ਨਹੀਂ ਲੜੇਗਾ। ਉਹ 2015 ਤੋਂ ਇਸ ਸੀਟ 'ਤੇ ਕਾਬਜ ਹੈ ਜਦੋਂ ਉਸ ਨੇ ਕੰਸਰਵੇਟਿਵ ਦੀ ਉਸ ਸਮੇਂ ਦੀ ਐਮਪੀ ਨੀਨਾ ਗਰੇਵਾਲ ਨੂੰ ਹਰਾਇਆ ਸੀ। ਅਗਲੀਆਂ ਚੋਣਾਂ 20 ਅਕਤੂਬਰ 2025 ਨੂੰ ਜਾਂ ਉਸ ਤੋਂ ਪਹਿਲਾਂ ਹੋਣਗੀਆਂ।



# ਗਲਤ ਤਰੀਕੇ ਨਾਲ ਦੋਸ਼ੀ ਠਹਿਰਾਏ ਗਏ ਵਿਅਕਤੀਆਂ ਤੋਂ ਜੱਜ ਨੇ ਮੁਆਫ਼ੀ ਮੰਗੀ

ਸੈਂਟ ਜੌਹਨ-ਨਿਊ ਬਰੁੰਸਵਿਕ ਦੀ ਸੁਪੀਰੀਅਰ ਕੋਰਟ ਦੀ ਚੀਫ਼ ਜਸਟਿਸ ਨੇ 40 ਸਾਲ ਪਹਿਲਾਂ ਇਕ ਭਿਆਨਕ ਕਤਲ ਵਿਚ ਦੋਸ਼ੀ ਠਹਿਰਾਏ ਗਏ ਸੇਂਟ ਜੌਹਨ ਦੇ ਦੋ ਬਜ਼ੁਰਗ ਵਿਅਕਤੀਆਂ ਤੋਂ ਮੁਆਫੀ ਮੰਗੀ ਹੈ। ਇਹ ਸੇਂਟ ਜੌਹਨ ਪੁਲਿਸ ਦੀ ਸ਼ਮੂਲੀਅਤ ਵਾਲਾ ਸੂਬੇ ਵਿਚ ਇਸ ਤਰ੍ਹਾਂ ਦਾ ਦੂਸਰਾ ਮਾਮਲਾ ਹੈ। ਚੀਫ ਜਸਟਿਸ ਟਰੇਸੀ ਡੀਵੇਅਰ ਨੇ ਆਪਣੇ ਫ਼ੈਸਲੇ ਵਿਚ ਲਿਖਿਆ ਕਿ ਇਸ ਮਾਮਲੇ ਵਿਚ ਨਿਆਂ ਪ੍ਰਣਾਲੀ ਨੇ ਮੇਲਮੈਨ, ਗਿਲਸਪੀ ਅਤੇ ਲੀਮੈਨ ਨੂੰ ਅਸਫਲ ਕਰ ਦਿੱਤਾ ਹੈ। ਉਹ ਨਿਊ ਬਰੁੰਸਵਿਕ ਦੇ ਕੋਰਟ ਆਫ ਕਿੰਗਸ ਬੈਂਚ ਦੀ ਚੀਫ਼ ਜਸਟਿਸ ਹੋਣ ਦੇ ਨਾਤੇ ਆਪਣੇ ਦਿਲੋਂ ਮੁਆਫੀ ਮੰਗਦੀ ਹੈ। 80 ਸਾਲਾ ਵਾਲਟਰ ਗਿਲਸਪੀ ਅਤੇ 76 ਸਾਲਾ ਰਾਬਰਟ ਮੇਲਮੈਨ ਨੂੰ ਜੌਰਜ ਲੀਮੈਨ ਨਾਂ ਦੇ ਸੇਂਟ ਜੌਹਨ ਦੇ ਵਾਸੀ ਪਲੰਬਰ ਨੂੰ ਮਾਰਨ ਲਈ ਸੈਕਿੰਡ ਡਿਗਰੀ ਕਤਲ ਵਿਚ ਦੋਸ਼ੀ ਕਰਾਰ ਦਿੱਤਾ ਗਿਆ ਸੀ। ਜੌਰਜ ਲੀਮੈਨ ਦੀ ਸੜੀ ਹੋਈ ਤੇ ਕੁੱਟ ਮਾਰ ਕੀਤੀ ਹੋਈ ਲਾਸ਼ 30 ਨਵੰਬਰ 1983 ਨੂੰ ਇਕ ਪਾਰਕ ਵਿਚ ਜੌਗਰ (ਜੌਗਿੰਗ ਕਰਨ ਵਾਲਾ) ਨੂੰ ਮਿਲੀ ਸੀ। 1988 ਵਿਚ ਅਪੀਲ ਖਾਰਜ ਕਰ ਦਿੱਤੀ ਗਈ। ਇਹ ਜੋੜਾ ਹਮੇਸ਼ਾ ਆਪਣੇ ਨਿਰਦੋਸ਼ ਐਲਾਨਾਂ ਵਿਚ ਅਡੋਲ ਰਿਹਾ। ਸਜ਼ਾ ਯਾਫ਼ਤਾ ਕਾਤਲਾਂ ਦਾ ਠੱਪਾ ਲੱਗਣ ਤੋਂ ਕਈ ਦਹਾਕੇ ਪਿੱਛੋਂ ਕੁਝ ਹਫ਼ਤੇ ਪਹਿਲਾਂ ਨਿਆਂ ਬਾਰੇ ਫੈਡਰਲ ਮੰਤਰੀ ਅਤੇ ਅਟਾਰਨੀ ਜਨਰਲ ਆਰਿਫ ਵਿਰਾਨੀ ਨੇ ਦੋਵਾਂ ਵਿਅਕਤੀਆਂ ਲਈ ਨਵੇਂ ਟਰਾਇਲ ਦਾ ਹੁਕਮ ਦਿੱਤਾ ਅਤੇ ਇਹ ਸਿੱਟਾ ਕੱਢਿਆ ਕਿ ਗਲਤੀਆਂ ਹੋਈਆਂ ਹਨ ਅਤੇ ਨਿਆਂ ਦਾ ਗਰਭਪਾਤ ਹੋਣ ਦੀ ਸੰਭਾਵਨਾ ਹੈ। ਵੀਰਵਾਰ ਭਾਵਨਾਤਮਿਕ ਸੁਣਵਾਈ ਦੌਰਾਨ ਕਰਾਊਨ ਨੇ ਕੋਈ ਸਬੂਤ ਨਾ ਪੇਸ਼ ਕੀਤਾ ਜਿਸ ਕਾਰਨ ਚੀਫ਼ ਜਸਟਿਸ ਡੀਵੇਅਰ ਨੇ ਜੋੜੇ ਨੂੰ ਬਰੀ ਕਰ ਦਿੱਤਾ। ਮੇਲਮੈਨ ਨੇ ਹੁਣ ਤਕ 18 ਸਾਲ ਜਦਕਿ ਗਿਲੇਸਪੀ ਨੇ 21 ਸਾਲ ਕੈਦ ਦੀ ਸਜ਼ਾ ਕੱਟੀ ਹੈ।

# ਸਰੀ ਪੁਲਿਸ ਬੋਰਡ ਦੇ ਪ੍ਰਸ਼ਾਸਕ ਮਾਈਕ ਸੇਰ ਨੇ ਸਰੀ ਪੁਲਿਸ ਸਰਵਿਸ ਦੇ ਖਰਚ ਬਾਰੇ ਤੱਥ ਪੇਸ਼ ਕੀਤੇ

ਸਰੀ-ਸਰੀ ਪੁਲਿਸ ਬੋਰਡ ਦੇ ਪ੍ਰਸ਼ਾਸਕ ਮਾਈਕ ਸੇਰ ਨੇ ਕਿਹਾ ਕਿ ਮੇਅਰ ਬਰੈਂਡਾ ਲੋਕ ਨੇ ਮੀਡੀਆ ਰਿਲੀਜ਼ ਰਾਹੀਂ ਗਲਤ ਦਾਅਵਾ ਕੀਤਾ ਕਿ ਸਰੀ ਪੁਲਿਸ ਸਰਵਿਸ (ਐਸਪੀਐਸ) ਦਾ ਬਜਟ ਘਾਟੇ ਵਿਚ ਚੱਲ ਰਿਹਾ ਹੈ। ਹਰ ਰੋਜ਼ ਸਰੀ ਨੂੰ ਸੁਰੱਖਿਅਤ ਰੱਖਣ ਲਈ ਮੌਜੂਦਾ ਸਮੇਂ ਤਾਇਨਾਤ ਪੁਲਿਸ ਅਫਸਰਾਂ ਵਿਚ ਐਸਪੀਐਸ 30 ਫ਼ੀਸਦੀ ਬਣਦੇ ਹਨ। ਹਕੀਕਤ ਇਹ ਹੈ ਕਿ ਜਦੋਂ ਮੇਅਰ ਲੋਕ ਚੇਅਰ ਬਣੀ ਤਾਂ ਐਸਪੀਐਸ ਬੋਰਡ ਨੇ ਸਰੀ ਸਿਟੀ ਨੂੰ 2023 ਲਈ 157.6 ਮਿਲੀਅਨ ਡਾਲਰ ਦਾ ਬਜਟ ਪੇਸ਼ ਕੀਤਾ। 2023 ਦੌਰਾਨ ਐਸਪੀਐਸ ਨੂੰ ਖਤਮ ਕਰਨ ਅਤੇ ਆਰਸੀਐਮਪੀ ਨੂੰ ਮੁੜ ਵਾਪਸ ਰੱਖਣ ਦੀਆਂ ਯੋਜਨਾਵਾਂ ਦੇ ਆਧਾਰ 'ਤੇ ਸਿਟੀ ਨੇ ਇਸ ਦਾ ਬਜਟ 2023 ਲਈ 70 ਫ਼ੀਸਦੀ ਕਟੌਤੀ ਨਾਲ ਘਟਾ ਕੇ 48.8 ਮਿਲੀਅਨ ਕਰ ਦਿੱਤਾ। ਸਿਟੀ ਦੀ 2023 ਦੀ ਤੀਸਰੀ ਤਿਮਾਹੀ ਦੀ ਵਿੱਤੀ ਰਿਪੋਰਟ ਮੁਤਾਬਿਕ ਐਸਪੀਐਸ ਦਾ 2023 ਦਾ 48.8 ਮਿਲੀਅਨ ਬਜਟ ਉਸ ਸਮੇਂ ਤਕ ਐਸਪੀਐਸ ਸਟਾਫਿੰਗ ਅਤੇ ਆਪਰੇਸ਼ਨ ਖਰਚਿਆਂ 'ਤੇ ਆਧਾਰਤ ਸੀ ਜਦੋਂ ਤਕ ਆਰਸੀਐਮਪੀ ਸ਼ਹਿਰ ਲਈ ਇਕੱਲੀ ਪੁਲਿਸ ਸੇਵਾਵਾਂ ਮੁਹੱਈਆ ਕਰਨ ਵਾਲੀ ਹੈ। ਦੂਸਰੇ ਪਾਸੇ ਮੌਜੂਦਾ ਸਮੇਂ ਇਕਰਾਰਨਾਮੇ ਮੁਤਾਬਿਕ ਆਰਸੀਐਮਪੀ ਦਾ ਬਜਟ 19.68 ਮਿਲੀਅਨ ਜ਼ਿਆਦਾ ਹੈ ਕਿਉਂਕਿ ਇਸ ਦਾ ਬਜਟ 759 ਸਟਾਫਿੰਗ ਲਈ ਬਣਾਇਆ ਗਿਆ ਸੀ ਪਰ ਮੌਜੂਦਾ ਸਮੇਂ ਬਜਟ ਨਾਲੋਂ ਸਟਾਫ ਦੀ ਗਿਣਤੀ ਘੱਟ ਹੈ।

# ਘਰੇਲੂ ਘਟਨਾ ਵਿਚ ਕੀਤਾ ਸੀ ਕੈਲਗਰੀ ਐਲੀਮੈਂਟਰੀ ਸਕੂਲ ਸਾਹਮਣੇ ਔਰਤ ਦਾ ਕਤਲ

ਕੈਲਗਰੀ-ਮਨਾਹੀ ਦੇ ਹੁਕਮਾਂ ਦਾ ਸਾਹਮਣਾ ਕਰ ਰਹੇ ਅਤੇ ਵਾਰੰਟਾਂ ਵਿਚ ਲੋੜੀਂਦੇ ਵਿਅਕਤੀ ਨੇ ਮੰਗਲਵਾਰ ਸਵੇਰੇ ਕੈਲਗਰੀ ਐਲੀਮੈਂਟਰੀ ਸਕੂਲ ਦੇ ਬਾਹਰ ਔਰਤ ਦੀ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਅਤੇ ਪੁਲਿਸ ਨੇ ਕਿਹਾ ਕਿ ਇਹ ਮਿਥ ਕੇ ਕੀਤਾ ਗਿਆ ਘਰੇਲੂ ਕਤਲ ਹੈ। ਬਾਅਦ ਵਿਚ ਸ਼ੱਕੀ ਨੇ ਵੀ ਖੁਦਕੁਸ਼ੀ ਕਰ ਲਈ ਅਤੇ ਕੁਝ ਘੰਟਿਆਂ ਬਾਅਦ ਉਸ ਦੀ ਵੀ ਨੇੜਿਓਂ ਲਾਸ਼ ਮਿਲੀ ਹੈ। ਕੈਲਗਰੀ ਪੁਲਿਸ ਸਰਵਿਸ ਡਿਊਟੀ ਇੰਸਪੈਕਟਰ ਸਕੌਟ ਨੀਲਸਨ ਨੇ ਦੱਸਿਆ ਕਿ ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਕਿਸੇ ਵੀ ਬੱਚੇ ਨੇ ਚਾਕੂ ਮਾਰਨ ਦੀ ਘਟਨਾ ਨਹੀਂ ਦੇਖੀ ਪਰ ਕੁਝ ਬਾਲਗ ਗਵਾਹਾਂ ਨੇ ਪੁਲਿਸ ਨਾਲ ਗੱਲਬਾਤ ਕੀਤੀ ਹੈ। ਪੁਲਿਸ ਪੀੜਤ ਜਾਂ ਕਾਤਲ ਦਾ ਨਾਂਅ ਜਾਂ ਉਨ੍ਹਾਂ ਦੇ ਸਬੰਧ ਬਾਰੇ ਜਾਣਕਾਰੀ ਨਹੀਂ ਰਿਲੀਜ ਕਰ ਰਹੀ ਹੈ। ਸਿਰਫ ਇੰਨਾ ਕਿਹਾ ਕਿ ਇਹ ਘਰੇਲੂ ਮਾਮਲਾ ਸੀ। ਪ੍ਰੈਸ ਕਾਨਫਰੰਸ ਇੰਸਪੈਕਟਰ ਨੀਲਸਨ ਨੇ ਕਿਹਾ ਕਿ ਇਹ ਗੱਲ ਘਰੂਲੂ ਘਟਨਾਵਾਂ ਦੇ ਮਿਆਰ ਨਾਲ ਮੇਲ ਖਾਂਦੀ ਹੈ।

UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ
☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜ਼ੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ
• Residential Mortgages
• Construction Mortgage
• Commercial Mortgages
• Farm Financing
• Private Mortgages
• 2nd & 3rd Mortgage
(*Conditionsapply)
Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com

KULDIP S PANESAR
Senior Mortgage Advisor
Cell: 604-308-6839



# ਗੁਰਦੁਆਰਾ ਨਾਨਕ ਨਿਵਾਸ ਰਿਚਮੰਡ ਵਿਖੇ ਲੋਹੜੀ ਦਾ ਤਿਉਹਾਰ ਮਨਾਇਆ ਗਿਆ

ਸਰੀ (ਹਰਦਮ ਮਾਨ)-ਗੁਰਦੁਆਰਾ ਨਾਨਕ ਨਿਵਾਸ ਰਿਚਮੰਡ ਵਿਖੇ ਸ਼ਰਧਾਲੂਆਂ ਵੱਲੋਂ ਲੋਹੜੀ ਦਾ ਤਿਉਹਾਰ ਮਨਾਇਆ ਗਿਆ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਬਲਵੰਤ ਸਿੰਘ ਸੰਘੇੜਾ ਨੇ ਦੱਸਿਆ ਹੈ ਕਿ ਇਸ ਸਾਲ ਜਿਹਨਾਂ ਛੇ ਪਰਿਵਾਰ ਨੂੰ ਬੱਚਿਆਂ ਦੀ ਦਾਤ ਨਸੀਬ ਹੋਈ ਉਹਨਾਂ ਨੇ ਆਪਣੇ ਰਿਸ਼ਤੇਦਾਰਾਂ ਅਤੇ ਦੋਸਤਾਂ, ਮਿੱਤਰਾਂ ਨੂੰ ਇਸ ਸ਼ੁੱਭ ਮੌਕੇ 'ਤੇ ਦਾਅਵਤ ਦਿੱਤੀ। ਸ਼ਾਮ ਹੁੰਦੇ ਸਾਰ ਹੀ ਗੁਰਦੁਆਰਾ ਸਾਹਿਬ ਵਿਖੇ ਰੌਣਕਾਂ ਲੱਗਣੀਆਂ ਸ਼ੁਰੂ ਹੋ ਗਈਆਂ ਅਤੇ ਗੁਰਦੁਆਰਾ ਸਾਹਿਬ ਦਾ ਦੀਵਾਨ ਹਾਲ ਅਤੇ ਲੰਗਰ ਹਾਲ ਸੰਗਤਾਂ ਨਾਲ ਜਗਮਗ ਹੋ ਗਿਆ। ਗੁਰੂ ਘਰ ਦੇ ਕੀਰਤਨੀ ਜਥੇ ਨੇ ਸੰਗਤਾਂ ਨੂੰ ਮਧੁਰ ਕੀਰਤਨ ਨਾਲ ਨਿਹਾਲ ਕੀਤਾ। ਹਾਜਰ ਪਰਿਵਾਰਾਂ ਅਤੇ ਸੰਗਤਾਂ ਨੇ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ। ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਭ ਪਰਿਵਾਰਾਂ, ਉਹਨਾਂ ਦੇ ਸੱਦੇ ਉਪਰ ਆਈ ਸੰਗਤ ਅਤੇ ਸੇਵਾਦਾਰਾਂ ਦਾ ਧੰਨਵਾਦ ਕੀਤਾ। ਇਸ ਸ਼ੁਭ ਮੌਕੇ 'ਤੇ ਸੰਗਤ ਨੇ ਗੁਰੂ ਘਰ ਦੇ ਪਿਛਲੇ ਪਾਸੇ ਲਾਈ ਲੋਹੜੀ ਦਾ ਵੀ ਆਨੰਦ ਮਾਣਿਆ।

# ਦਿੱਲੀ ਗੁਰਦੁਆਰਾ ਕਮੇਟੀ ਵਲੋਂ ਸਿੱਖ ਦੀ ਪ੍ਰੀਭਾਸ਼ਾ ਦੇ ਮੁੱਦੇ ਤੇ ਜੰਮੂ-ਕਸ਼ਮੀਰ ਹਾਈ ਕੋਰਟ ਦੇ ਫੈਸਲੇ ਨੂੰ ਚੁਣੌਤੀ

ਨਵੀਂ ਦਿੱਲੀ (ਮਨਧੀਰ ਸਿੰਘ ਦਿਓਲ)-ਦਿੱਲੀ ਗੁਰਦੁਆਰਾ ਕਮੇਟੀ ਨੇ ਫ਼ੈਸਲਾ ਲਿਆ ਹੈ ਕਿ ਉਹ ਜੰਮੂ-ਕਸ਼ਮੀਰ ਹਾਈ ਕੋਰਟ ਦੇ ਉਸ ਫੈਸਲੇ ਨੂੰ ਚੁਣੌਤੀ ਦੇਵੇਗੀ, ਜਿਸ ਵਿਚ ਕਿਹਾ ਗਿਆ ਹੈ ਕਿ ਸਿੱਖਾਂ ਲਈ ਆਪਣੇ ਨਾਂ ਪਿੱਛੇ ਸਿੰਘ ਜਾਂ ਕੌਰ ਜੋੜਨਾ ਲਾਜ਼ਮੀ ਨਹੀਂ ਹੈ। ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਇਸ ਫੈਸਲੇ ਨਾਲ ਸਮੂਹ ਸਿੱਖਾਂ ਦੇ ਹਿਰਦਿਆਂ ਨੂੰ ਠੇਸ ਪੁੱਜੀ ਹੈ। ਅਦਾਲਤ ਨੇ ਇਹ ਫੈਸਲਾ ਜੰਮੂ-ਕਸ਼ਮੀਰ ਦੇ ਅਖ਼ਨੂਰ ਦੇ ਗੁਰਦੁਆਰੇ ਦੇ ਮਾਮਲੇ ਦੀ ਸੁਣਵਾਈ ਤੋਂ ਬਾਅਦ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜਦੋਂ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਪੰਥ ਦੀ ਸਥਾਪਨਾ ਕੀਤੀ ਸੀ ਤਾਂ ਉਨ੍ਹਾਂ ਨੇ ਜਾਤ-ਪਾਤ, ਊਚ-ਨੀਚ ਅਤੇ ਮਰਦ-ਔਰਤਾਂ ਦੇ ਭੇਦ-ਭਾਵ ਨੂੰ ਖਤਮ ਕਰਨ ਹਿੱਤ ਮਰਦ ਨੂੰ ਸਿੰਘ ਅਤੇ ਇਸਤਰੀ ਨੂੰ ਆਪਣੇ ਨਾਂ ਪਿੱਛੇ ਕੌਰ ਵਰਤਣ ਦਾ ਦਾ ਸੰਦੇਸ਼ ਦਿੱਤਾ ਸੀ ਪਰ ਜੰਮੂ ਹਾਈਕੋਰਟ ਦਾ ਫੈਸਲਾ ਪੂਰੀ ਤਰ੍ਹਾਂ ਸਿੱਖ ਵਿਰੋਧੀ ਹੈ। ਉਨ੍ਹਾਂ ਕਿਹਾ ਕਿ ਪਹਿਲੀ ਗੱਲ ਤਾਂ ਇਹ ਹੈ ਕਿ ਕਿਸੇ ਵੀ ਅਦਾਲਤ ਨੂੰ ਸਿੱਖਾਂ ਦੇ ਧਾਰਮਿਕ ਮਾਮਲਿਆਂ ਬਾਰੇ ਕੋਈ ਫੈਸਲਾ ਲੈਣ ਦਾ ਅਧਿਕਾਰ ਨਹੀਂ ਹੈ। ਦੂਜੀ ਗੱਲ ਜਿਸ ਜੱਜ ਨੇ ਇਹ ਫੈਸਲਾ ਦਿੱਤਾ ਹੈ, ਉਸ ਨੂੰ ਸ਼ਾਇਦ ਸਿੱਖ ਇਤਿਹਾਸ ਦਾ ਗਿਆਨ ਨਹੀਂ ਹੈ ਕਿਉਂਕਿ ਜੇ ਉਸ ਨੂੰ ਗਿਆਨ ਹੁੰਦਾ ਤਾਂ ਉਹ ਕਦੇ ਵੀ ਅਜਿਹਾ ਫੈਸਲਾ ਨਾ ਲੈਂਦਾ। ਉਨ੍ਹਾਂ ਕਿਹਾ ਕਿ ਦਿੱਲੀ ਗੁਰਦੁਆਰਾ ਕਮੇਟੀ ਦੀ ਕਾਨੂੰਨੀ ਟੀਮ ਜਲਦੀ ਹੀ ਇਸ ਫੈਸਲੇ ਨੂੰ ਚੁਣੌਤੀ ਦੇਵੇਗੀ।

## ਵਡੋਦਰਾ ਵਿਚ ਕਿਸ਼ਤੀ ਪਲਟਣ ਕਾਰਨ 14 ਵਿਦਿਆਰਥੀਆਂ ਤੇ 2 ਅਧਿਆਪਕਾਂ ਦੀ ਮੌਤ

ਵਡੋਦਰਾ-ਗੁਜਰਾਤ ਦੇ ਵਡੋਦਰਾ ਦੀ ਇੱਕ ਝੀਲ ਵਿੱਚ ਕਿਸ਼ਤੀ ਪਲਟਣ ਕਾਰਨ 14 ਵਿਦਿਆਰਥੀ ਤੇ 2 ਅਧਿਆਪਕਾਂ ਦੀ ਮੌਤ ਹੋ ਗਈ ਹੈ। ਅਧਿਕਾਰੀਆਂ ਨੇ ਦੱਸਿਆ ਕਿ ਵਿਦਿਆਰਥੀ ਤੇ ਅਧਿਆਪਕ ਹਰਨੀ ਝੀਲ ਵਿੱਚ ਪਿਕਨਿਕ ਮਨਾਉਣ ਆਏ ਸਨ। ਕੌਮੀ ਆਫਤ ਪ੍ਰਬੰਧਨ ਬਲ ਦੇ ਅਧਿਕਾਰੀਆਂ ਨੇ ਦੱਸਿਆ ਕਿ ਚਾਰ ਵਿਅਕਤੀ ਅਜੇ ਵੀ ਲਾਪਤਾ ਹਨ ਅਤੇ ਸਰਚ ਤੇ ਬਚਾਅ ਅਪਰੇਸ਼ਨ ਜਾਰੀ ਹੈ। ਅਧਿਕਾਰੀਆਂ ਨੇ ਕਿਹਾ ਸੀ ਕਿ ਬੋਰਡ ਵਿੱਚ 23 ਵਿਦਿਆਰਥੀ ਅਤੇ ਚਾਰ ਅਧਿਆਪਕਾਂ ਸਣੇ 27 ਜਣੇ ਸ਼ਾਮਲ ਸਨ। ਪ੍ਰਧਾਨ ਮੰਤਰੀ ਨੇ ਐਕਸ 'ਤੇ ਕਿਹਾ,"ਵਡੋਦਰਾ ਦੀ ਹਰਨੀ ਝੀਲ ਵਿੱਚ ਕਿਸ਼ਤੀ ਦੇ ਡੁੱਬਣ ਕਾਰਨ ਹੋਏ ਜਾਨੀ ਨੁਕਸਾਨ ਤੋਂ ਦੁਖੀ ਹਾਂ। ਇਸ ਦੁੱਖ ਦੀ ਘੜੀ ਵਿੱਚ ਮੇਰੀ ਹਮਦਰਦੀ ਪੀੜਤ ਪਰਿਵਾਰਾਂ ਦੇ ਨਾਲ ਹੈ।

# ਅਸਾਮ ਦਾ ਮੁੱਖ ਮੰਤਰੀ ਦੇਸ਼ ਵਿਚ ਸਭ ਤੋਂ ਵੱਧ ਭ੍ਰਿਸ਼ਟ-ਰਾਹੁਲ ਗਾਂਧੀ

## ਦੂਸਰੀ ਭਾਰਤ ਜੋੜੋ ਨਿਆਂਏ ਯਾਤਰਾ ਸ਼ੁਰੂ ਕੀਤੀ

ਜੋਰਹਾਟ (ਅਸਾਮ)-ਕਾਂਗਰਸ ਨੇਤਾ ਰਾਹੁਲ ਗਾਂਧੀ ਨੇ 'ਭਾਰਤ ਜੋੜੋ ਨਿਆਂਏ ਯਾਤਰਾ' ਦਾ ਅਸਾਮ ਪੜਾਅ ਸ਼ੁਰੂ ਕਰਨ ਮੌਕੇ ਦਾਅਵਾ ਕੀਤਾ ਕਿ ਸ਼ਾਇਦ ਦੇਸ਼ ਵਿੱਚ 'ਸਭ ਤੋਂ ਵੱਧ ਭ੍ਰਿਸ਼ਟ ਸਰਕਾਰ' ਅਤੇ 'ਸਭ ਤੋਂ ਵੱਧ ਭ੍ਰਿਸ਼ਟ ਮੁੱਖ ਮੰਤਰੀ' ਇਸ ਸੂਬੇ ਵਿੱਚ ਹੈ। ਯਾਤਰਾ ਦੇ ਨਾਗਾਲੈਂਡ ਵਿਚੋਂ ਅਸਾਮ 'ਚ ਦਾਖਲ ਹੋਣ ਮਗਰੋਂ ਰਾਹੁਲ ਨੇ ਸ਼ਿਵਸਾਗਰ 'ਚ ਇਕੱਠ ਨੂੰ ਸੰਬੋਧਨ ਕਰਦਿਆਂ ਸੱਤਾਧਾਰੀ ਭਾਜਪਾ ਅਤੇ ਰਾਸ਼ਟਰੀ ਸਵੈਮਸੇਵਕ ਸੰਘ (ਆਰਐੱਸਐੱਸ) ਦੀ ਨਿਖੇਧੀ ਕੀਤੀ ਅਤੇ ਕਿਹਾ ਕਿ ਉਹ "ਨਫ਼ਰਤ ਫੈਲਾਅ ਰਹੇ ਹਨ ਅਤੇ ਲੋਕਾਂ ਦਾ ਪੈਸਾ ਲੁੱਟ ਰਹੇ ਹਨ।" ਉਨ੍ਹਾਂ ਆਖਿਆ, "ਸ਼ਾਇਦ ਭਾਰਤ ਵਿੱਚ ਸਭ ਤੋਂ ਵੱਧ ਭ੍ਰਿਸ਼ਟ ਸਰਕਾਰ ਅਸਾਮ ਵਿੱਚ ਹੈ। ਤੁਸੀਂ ਜਾਣਦੇ ਹੋ ਇੱਥੇ ਕੀ ਹੋ ਰਿਹਾ ਹੈ। ਅਸੀਂ ਯਾਤਰਾ ਦੌਰਾਨ ਅਸਾਮ ਦੇ ਮੁੱਦੇ ਉਠਾਵਾਂਗੇ।" ਦੁਪਹਿਰ ਸਮੇਂ ਰਾਹੁਲ ਗਾਂਧੀ ਨੇ ਜੋਰਹਾਟ ਜ਼ਿਲ੍ਹੇ ਅਧੀਨ ਨਾਕਾਚਾਰੀ ਦੇ ਦੇਬੇਰਾਪਰ ਵਿੱਚ ਮੀਟਿੰਗ ਨੂੰ ਸੰਬੋਧਨ ਕੀਤਾ ਅਤੇ ਦੋਸ਼ ਲਾਇਆ ਕਿ ਭਾਜਪਾ ਦੀ ਸਰਕਾਰ ਵੱਲੋਂ ਆਦਿਵਾਸੀਆਂ, ਚਾਹ ਵਰਕਰਾਂ ਅਤੇ ਹੋਰ ਮੂਲ ਭਾਈਚਾਰਿਆਂ ਖ਼ਿਲਾਫ਼ ਅਨਿਆਂ ਕੀਤਾ ਜਾ ਰਿਹਾ ਹੈ। ਨਿਰਧਾਰਤ ਰੂਟ ਤੋਂ ਪਾਸੇ ਜਾਣ 'ਤੇ ਯਾਤਰਾ ਅਤੇ ਇਸ ਦੇ ਮੁੱਖ ਪ੍ਰਬੰਧਕ ਕੇ.ਬੀ. ਬਾਇਜੂ ਖ਼ਿਲਾਫ਼ ਐੱਫਆਈਆਰ ਦਰਜ ਕੀਤੀ ਗਈ ਹੈ।



# ਨਿਊਟਨ ਗੋਲੀਬਾਰੀ ਲਈ ਨੌਜਵਾਨ 'ਤੇ ਇਰਾਦਾ ਕਤਲ ਦਾ ਦੋਸ਼

ਸਰੀ-17 ਅਪ੍ਰੈਲ 2023 ਨੂੰ ਨਿਊਟਨ ਵਿਚ ਕੀਤੀ ਗੋਲੀਬਾਰੀ ਦੇ ਸਬੰਧ ਵਿਚ ਕੈਲਗਰੀ ਦੇ ਇਕ ਨੌਜਵਾਨ 'ਤੇ ਇਰਾਦਾ ਕਤਲ ਦਾ ਦੋਸ਼ ਲਗਾਇਆ ਗਿਆ ਹੈ। 76 ਐਵੀਨਿਊ ਦੇ 14800 ਬਲਾਕ ਵਿਚ ਦੁਪਹਿਰ ਬਾਅਦ ਹੋਈ ਗੋਲੀਬਾਰੀ ਵਿਚ ਇਕ ਵਿਅਕਤੀ ਜ਼ਖ਼ਮੀ ਹੋ ਗਿਆ ਸੀ। ਗੋਲੀਆਂ ਇਕ ਮੋਟਰ ਗੱਡੀ 'ਤੇ ਚਲਾਈਆਂ ਗਈਆਂ ਸਨ ਅਤੇ ਚਿੱਟੇ ਰੰਗ ਦੀ ਇਕ ਵੈਨ ਮੌਕੇ ਤੋਂ ਫਰਾਰ ਹੋਈ ਸੀ। ਬਾਅਦ ਵਿਚ ਪੁਲਿਸ ਨੂੰ 147 ਸਟਰੀਟ ਅਤੇ 69 ਐਵੀਨਿਊ ਵਿਖੇ ਚਿੱਟੇ ਰੰਗ ਦੀ ਵੈਨ ਅੱਗ ਨਾਲ ਸੜੀ ਮਿਲੀ ਸੀ। ਜੁਲਾਈ ਵਿਚ ਪੁਲਿਸ ਨੇ ਐਲਾਨ ਕੀਤਾ ਸੀ ਕਿ ਪਹਿਲੇ ਸ਼ੱਕੀ 'ਤੇ ਦੋਸ਼ ਲਗਾਇਆ ਗਿਆ ਹੈ। 19 ਸਾਲਾ ਅਕੋਚ ਪਿਓਟ 'ਤੇ ਇਰਾਦਾ ਕਤਲ, ਅਗਜ਼ਨੀ, ਹਥਿਆਰ ਚਲਾਉਣ ਅਤੇ ਮਨਾਹੀ ਵਾਲਾ ਹਥਿਆਰ ਤੇ ਅਸਲਾ ਰੱਖਣ ਦੇ ਦੋਸ਼ ਲਗਾਏ ਗਏ ਸਨ। ਹੁਣ ਪੁਲਿਸ ਨੇ ਇਕ ਰਿਲੀਜ਼ ਵਿਚ ਦੱਸਿਆ ਕਿ ਦੂਸਰਾ ਦੋਸ਼ੀ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਉਸ ਦੇ ਖਿਲਾਫ ਦੋਸ਼ ਲਗਾਏ ਗਏ ਹਨ। ਪੁਲਿਸ ਨੇ ਦੱਸਿਆ ਕਿ ਨੌਜਵਾਨ ਨੂੰ ਕੈਲਗਰੀ ਵਿਚ ਸਥਾਨਕ ਪੁਲਿਸ ਨੇ 14 ਦਸੰਬਰ ਨੂੰ ਗ੍ਰਿਫ਼ਤਾਰ ਕੀਤਾ ਸੀ ਅਤੇ ਉਸ ਨੂੰ ਬੀਸੀ ਭੇਜ ਦਿੱਤਾ ਜਿਥੇ ਉਹ ਹਿਰਾਸਤ ਵਿਚ ਰਿਹਾ।






## ਉੱਚ ਇਮੀਗ੍ਰੇਸ਼ਨ ਨਾਲ ਮਕਾਨ ਲਾਗਤਾਂ 'ਤੇ ਪੈਣ ਵਾਲੇ ਅਸਰ ਬਾਰੇ ਦੋ ਸਾਲ ਪਹਿਲੀ ਦਿੱਤੀ ਸੀ ਫੈਡਰਲ ਸਰਕਾਰ ਨੂੰ ਚਿਤਾਵਨੀ- ਦਸਤਾਵੇਜ਼ ਤੋਂ ਹੋਇਆ ਖੁਲਾਸਾ

ਓਟਵਾ-ਫੈਡਰਲ ਸਰਕਾਰੀ ਨੌਕਰਸ਼ਾਹਾਂ ਨੇ ਦੋ ਸਾਲ ਪਹਿਲਾਂ ਸਰਕਾਰ ਨੂੰ ਚਿਤਾਵਨੀ ਦਿੱਤੀ ਸੀ ਕਿ ਇਮੀਗ੍ਰੇਸ਼ਨ ਵਿਚ ਵੱਡਾ ਵਾਧਾ ਮਕਾਨ ਅਫੋਰਡਅਬਿਲਟੀ ਅਤੇ ਸੇਵਾਵਾਂ ਨੂੰ ਪ੍ਰਭਾਵਤ ਕਰ ਸਕਦਾ ਹੈ। ਕੈਨੇਡੀਅਨ ਪ੍ਰੈਸ ਵਲੋਂ ਅਕਸੈਸ ਟੂ ਇਨਫਰਮੇਸ਼ਨ ਬੇਨਤੀ ਰਾਹੀਂ ਪ੍ਰਾਪਤ ਕੀਤੇ ਅੰਦਰੂਨੀ ਦਸਤਾਵੇਜ਼ ਤੋਂ ਪਤਾ ਲਗਦਾ ਹੈ ਕਿ ਜਦੋਂ ਇਮੀਗ੍ਰੇਸ਼ਨ, ਰਿਫਊਜੀ ਐਂਡ ਸਿਟੀਜ਼ਨਸ਼ਿਪ ਕੈਨੇਡਾ ਨੇ 2023 ਤੋਂ 2025 ਤਕ ਇਮੀਗ੍ਰੇਸ਼ਨ ਦੇ ਆਪਣੇ ਨਿਸ਼ਾਨਿਆਂ ਨੂੰ ਤਿਆਰ ਕੀਤਾ ਤਾਂ ਇਸ ਨੇ ਇਮੀਗ੍ਰੇਸ਼ਨ ਦੇ ਆਰਥਿਕਤਾ, ਹਾਊਸਿੰਗ ਤੇ ਸੇਵਾਵਾਂ 'ਤੇ ਸੰਭਾਵੀ ਅਸਰ ਦਾ ਵਿਸ਼ਲੇਸ਼ਣ ਕੀਤਾ ਸੀ। ਡਿਪਟੀ ਮੰਤਰੀ ਸਮੇਤ ਹੋਰਨਾਂ ਨੂੰ 2022 ਵਿਚ ਚਿਤਾਵਨੀ ਦਿੱਤੀ ਸੀ ਕਿ ਮਕਾਨਾਂ ਦੀ ਉਸਾਰੀ ਆਬਾਦੀ ਵਾਧੇ ਦੀ ਰਫਤਾਰ ਮੁਤਾਬਿਕ ਨਹੀਂ ਹੋ ਰਹੀ। ਕੈਨੇਡਾ ਵਿਚ ਆਬਾਦੀ ਵਾਧਾ ਉਪਲਬਧ ਹਾਊਸਿੰਗ ਯੂਨਿਟਾਂ ਦੇ ਵਿਕਾਸ ਤੋਂ ਵੱਧ ਗਿਆ ਹੈ। ਹਾਊਸਿੰਗ ਅਫੋਰਡਅਬਿਲਟੀ ਹੁਣ ਲਿਬਰਲ ਸਰਕਾਰ ਲਈ ਰਾਜਸੀ ਦੇਣਦਾਰੀ ਬਣ ਗਈ ਹੈ। ਪਿਛਲੇ ਸਾਲ ਕੰਸਰਵੇਟਿਵ ਨੇ ਮਹੱਤਵਪੂਰਣ ਤੇਜ਼ੀ ਦਿਖਾਈ ਹੈ ਕਿਉਂਕਿ ਪਾਰਟੀ ਨੇ ਵਿਸ਼ੇਸ਼ ਰੂਪ ਵਿਚ ਇਮੀਗ੍ਰੇਸ਼ਨ ਤੋਂ ਪ੍ਰਹੇਜ਼ ਕਰਦਿਆਂ ਅਫੋਰਡਅਬਿਲਟੀ ਦੇ ਮੁੱਦਿਆਂ 'ਤੇ ਜ਼ੋਰ ਦਿੱਤਾ ਹੈ। ਇਸ ਦਬਾਅ ਨੇ ਲਿਬਰਲ ਸਰਕਾਰ ਨੂੰ ਹਾਊਸਿੰਗ ਨੀਤੀ 'ਤੇ ਆਪਣੇ ਯਤਨਾਂ ਵੱਲ ਮੁੜ ਤੋਂ ਧਿਆਨ ਦੇਣ 'ਤੇ ਮਜ਼ਬੂਰ ਕੀਤਾ ਹੈ ਅਤੇ ਨਵੇਂ ਨਿਯਮਾਂ ਨਾਲ ਅੰਤਰਰਾਸ਼ਟਰੀ ਵਿਦਿਆਰਥੀਆਂ ਵਿਚ ਵਾਧੇ ਨੂੰ ਹੱਲ ਕਰਨਾ ਸ਼ੁਰੂ ਕਰ ਦਿੱਤਾ ਹੈ।

## ਆਰਸੀਐਮਪੀ ਤੋਂ ਭੱਜਣ ਵਾਲੇ ਡਰਾਈਵਰ ਖਿਲਾਫ ਦੋਸ਼ ਆਇਦ

ਸਰੀ-47 ਸਾਲਾ ਵਿਅਕਤੀ ਜਿਸ ਨੂੰ ਗ੍ਰਿਫਤਾਰ ਕਰਨ ਲਈ ਇਸ ਮਹੀਨੇ ਦੇ ਸ਼ੁਰੂ ਵਿਚ ਆਰਸੀਐਮਪੀ ਨੇ ਲੈਂਗਲੀ ਮਾਲ ਪਾਰਕਿੰਗ ਤਕ 15 ਕਿਲੋਮੀਟਰ ਪਿੱਛਾ ਕੀਤਾ ਸੀ ਚਾਰ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ। ਬ੍ਰੈਡ ਡੋਨਾਲਡ ਪੈਰਿਸੀਅਨ 'ਤੇ ਮੋਟਰ ਗੱਡੀ ਦੀ ਖ਼ਤਰਨਾਕ ਡਰਾਈਵਿੰਗ ਕਰਨ, ਪੁਲਿਸ ਕੋਲੋਂ ਭੱਜਣ, ਜਾਅਲੀ ਦਸਤਾਵੇਜ਼ ਕੋਲ ਰੱਖਣ ਅਤੇ ਹੁਕਮ ਦਾ ਪਾਲਣਾ ਨਾ ਕਰਨ ਦੇ ਦੋਸ਼ ਲਗਾਏ ਗਏ ਹਨ। ਸਰੀ ਆਰਸੀਐਮਪੀ ਦੇ ਕਾਰਪੋਰਲ ਜੇਮਸ ਮੈਸਨ ਨੇ ਦੱਸਿਆ ਕਿ ਉਹ ਅਦਾਲਤ ਵਿਚ ਅਗਲੀ ਪੇਸ਼ੀ ਤਕ ਹਿਰਾਸਤ ਵਿਚ ਰਹੇਗਾ। ਜਦੋਂ ਤਕ ਅਦਾਲਤ ਵਿਚ ਦੋਸ਼ ਸਿੱਧ ਨਹੀਂ ਹੋ ਜਾਂਦੇ ਉਦੋਂ ਤਕ ਫ਼ੌਜਦਾਰੀ ਅਪਰਾਧ ਵਾਲਾ ਵਿਅਕਤੀ ਕਸੂਰਵਾਰ ਨਹੀਂ ਸਮਝਿਆ ਜਾਂਦਾ। ਉਸ ਨੂੰ ਗ੍ਰਿਫ਼ਤਾਰ ਕਰਨ ਦੀ ਘਟਨਾ 3 ਜਨਵਰੀ ਨੂੰ ਦੁਪਹਿਰ ਇਕ ਵਜੇ ਸ਼ੁਰੂ ਹੋਈ ਜਦੋਂ ਅਧਿਕਾਰੀਆਂ ਨੂੰ ਸਰੀ ਮੈਮੋਰੀਅਲ ਹਸਪਤਾਲ ਨੇੜੇ ਫ੍ਰੇਜ਼ਰ ਹਾਈਵੇਅ ਦੇ 13900 ਬਲਾਕ ਵਿਚ ਮਨਮੌਜੀ ਡਰਾਈਵਰ ਬਾਰੇ ਚੌਕਸ ਕੀਤਾ ਗਿਆ ਸੀ।





# ਇਟਲੀ ਵਿਚ ਸਪੀਡ ਵਾਲੇ ਕੈਮਰਿਆਂ ਦੇ ਖੰਬਿਆਂ ਨੂੰ ਵੱਢਣ ਵਾਲੇ ਸੁਪਰ ਹੀਰੋ ਦੀ ਚਰਚਾ

ਰੋਮ ਇਟਲੀ (ਗੁਰਸ਼ਰਨ ਸਿੰਘ ਸੋਨੀ)-ਫਲੈਕਸੀਮੈਨ" ਇਟਲੀ ਦੇ ਸੋਸ਼ਲ ਮੀਡੀਆ ਤੇ ਇਹ ਨਾਮ ਇਸ ਵੇਲੇ ਖੂਬ ਚਰਚਾ ਵਿੱਚ ਹੈ। ਕਿਉਂਕਿ ਇਹ ਇੱਕ ਅਣਪਛਾਤਾ ਵਿਅਕਤੀ ਹੈ ਜੋ ਕਿ ਸੜਕਾਂ ਤੇ ਲੱਗੇ ਸਪੀਡ ਕੈਮਰਿਆਂ ਦੇ ਖੰਬਿਆਂ ਨੂੰ ਵੱਢ ਰਿਹਾ ਹੈ। ਸੋਸ਼ਲ ਮੀਡੀਆ ਤੇ ਲੋਕ ਇਸ ਨੂੰ ਆਪਣਾ ਹੀਰੋ ਦੱਸ ਰਹੇ ਹਨ। ਇਹ ਸਿਲਸਿਲਾ ਸ਼ੁਰੂ ਹੋਇਆ ਸੀ 5 ਅਗਸਤ 2023 ਨੂੰ ਜਿਸ ਨੂੰ ਕਿ ਬਹੁਤੀ ਅਹਿਮੀਅਤ ਨਹੀਂ ਦਿੱਤੀ ਗਈ ਸੀ। ਲੇਕਿਨ ਅਗਸਤ ਤੋਂ ਕਰਿਸਮਸ ਤੱਕ ਅਜਿਹੀ ਘਟਨਾਵਾਂ ਇਟਲੀ ਦੇ ਸੂਬਾ ਪੀਏਮੋਂਤੇ,ਲੋਮਬਾਰਦੀਆ ਅਤੇ ਵੈਨੇਤੋ ਦੇ ਨੌਂ ਵੱਖ ਵੱਖ ਹਿੱਸਿਆਂ ਵਿੱਚ ਵਾਪਰੀਆਂ ਚੁੱਕੀਆਂ ਹਨ। ਹਾਲ ਹੀ ਵਿੱਚ ਵੈਨੇਤੋ ਸੂਬੇ ਦੇ ਪੋਲੇਜੀਨੇ,ਪਾਸੋ ਦੈਲੇ ਜਾਊ,ਬੈਲੋਨੇਜੇ ਅਤੇ ਕੋਰਤੀਨਾ ਵਿਚ ਸਪੀਡ ਵਾਲੇ ਕੈਮਰਿਆਂ ਦੇ ਖੰਬਿਆਂ ਨੂੰ ਆਟੋਮੈਟਿਕ ਆਰੀ ਨਾਲ ਵੱਢ ਦਿੱਤਾ ਗਿਆ। ਪਾਦੋਵਾ ਨੇੜੇ ਪੈਂਦੇ ਇੱਕ ਸੜਕ ਤੇ ਲੱਗੇ ਉਸ ਸਪੀਡ ਕੈਮਰੇ ਨੂੰ ਵੱਡਿਆ ਗਿਆ ਜਿਸ ਨੇ ਕਿ ਪਿਛਲੇ ਇਕ ਮਹੀਨੇ ਵਿੱਚ 24 ਹਜਾਰ ਯੂਰੋ ਤੱਕ ਦੇ ਜੁਰਮਾਨੇ ਕੀਤੇ ਸਨ। ਇਸ ਤੋਂ ਵੀ ਅੱਗੇ ਚਲਦਿਆਂ ਲੰਘੇ ਹਫਤੇ ਦੇ ਅਖੀਰ ਵਿੱਚ ਇਮੀਲੀਆ ਰੋਮਾਨਿਆ ਸੂਬੇ ਦੇ ਇਲਾਕਾ ਬਾਸਾ ਰੈਜਾਨਾ ਵਿਖੇ ਇਕ ਕੈਮਰੇ ਨੂੰ ਖਰਾਬ ਕੀਤਾ ਗਿਆ ਅਤੇ ਨੋਵੇਲਾਰਾ ਨੇੜੇ ਇਕ ਕੈਮਰੇ ਨੂੰ ਸਾੜ ਦਿੱਤਾ ਗਿਆ। ਇਟਲੀ ਵਿੱਚ ਹੁਣ ਤੱਕ ਕੈਮਰੇ ਵੱਢਣ ਦੀਆਂ 11 ਤੋਂ 12 ਘਟਨਾਵਾਂ ਵਾਪਰ ਚੁੱਕੀਆਂ ਹਨ। ਜਿੱਥੇ ਕਿ ਸੋਸ਼ਲ ਮੀਡੀਆ 'ਤੇ ਉਸ ਅਣਪਛਾਤੇ ਵਿਅਕਤੀ ਦੇ ਬਹੁਤ ਸਾਰੇ ਚਾਹੁਣ ਵਾਲੇ ਬਣ ਗਏ ਹਨ ਜੋ ਕਿ ਉਸ ਬਾਰੇ ਵੱਖ ਵੱਖ ਤਰ੍ਹਾਂ ਦੇ ਕਮੈਂਟ ਲਿਖ ਰਹੇ ਹਨ ਜਿਵੇਂ ਕਿ "ਤੂੰ ਇੱਕ ਸੁਪਰ ਹੀਰੋ ਹੈ



ਤੇਰਾ ਬੁੱਤ ਲੱਗਣਾ ਚਾਹੀਦਾ ਹੈ ਭਾਵੇਂ ਕਿ ਤੂੰ ਅਦੇਸ਼ਾਂ ਨੂੰ ਨਹੀਂ ਮੰਨ ਰਿਹਾ ਫਿਰ ਵੀ ਸਾਡੇ ਲਈ ਤੂੰ ਕਿਸੇ ਸੁਪਰ ਹੀਰੋ ਤੋਂ ਘੱਟ ਨਹੀਂ ਹੈ"। ਅਜਿਹੇ ਹੋਰ ਵੀ ਪਤਾ ਨਹੀਂ ਕਿੰਨੇ ਕਮੈਂਟ ਲੋਕ ਫਲੈਕਸੀਮੈਨ ਲਈ ਸੋਸ਼ਲ ਮੀਡੀਆ ਤੇ ਲਿਖ ਰਹੇ ਹਨ। ਪ੍ਰਸ਼ਾਸਨ ਵੀ ਇਸ ਮੁੱਦੇ ਨੂੰ ਗੰਭੀਰਤਾ ਨਾਲ ਲੈ ਰਿਹਾ ਹੈ ਵੇਰੋਨਾ ਦੇ ਅਧਿਕਾਰੀਆਂ ਨੇ ਵੀ ਇਟਾਲੀਅਨ ਮੀਡੀਏ ਨੂੰ ਦੱਸਿਆ ਕਿ ਇਸ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ ਸੀਸੀਟੀਵੀ ਫੁਟੇਜ ਰਾਹੀਂ ਅਤੇ ਹੋਰ ਤਰੀਕਿਆਂ ਰਾਹੀਂ ਦੋਸ਼ੀ ਨੂੰ ਲੱਭਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਹੁਣ ਦੇਖਣਾ ਇਹ ਹੋਵੇਗਾ ਕਿ ਫਲੈਕਸੀਮੈਨ ਅਤੇ ਪਰਸ਼ਾਸਨ ਦੀ ਇਹ ਲੁਕਣ-ਮੀਚੀ ਦੀ ਖੇਡ ਕਦੋਂ ਖਤਮ ਹੁੰਦੀ ਹੈ।

## ਡੇਰਾ ਸੱਚਾ ਸੌਦਾ ਦੇ ਮੁਖੀ ਨੂੰ ਮਿਲੀ 50 ਦਿਨਾਂ ਦੀ ਪੈਰੋਲ



ਚੰਡੀਗੜ੍ਹ-ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਅੱਜ 50 ਦਿਨਾਂ ਦੀ ਪੈਰੋਲ ਮਿਲੀ ਹੈ। ਚਾਰ ਸਾਲਾਂ 'ਚ ਉਸ ਦੀ ਇਹ ਨੌਵੀਂ ਪੈਰੋਲ ਹੈ। ਉਹ ਰੋਹਤਕ ਦੀ ਸੁਨਾਰੀਆ ਜੇਲ੍ਹ ਵਿੱਚ ਬੰਦ ਹੈ। ਡੇਰਾ ਮੁਖੀ ਬਲਾਤਕਾਰ ਅਤੇ ਪੱਤਰਕਾਰ ਰਾਮ ਚੰਦਰ ਛਤਰਪਤੀ ਦੀ ਹੱਤਿਆ ਦੇ ਮਾਮਲੇ ਵਿੱਚ ਜੇਲ੍ਹ ਦੀ ਸਜ਼ਾ ਭੁਗਤ ਰਿਹਾ ਹੈ।

India Bookworld
Shop Online At:
www.indiabookworld.ca
ਕਿਤਾਬਾਂ ਹੀ ਕਿਤਾਬਾਂ
ਧਰਮ, ਸੱਭਿਆਚਾਰ, ਇਤਿਹਾਸ, ਭਾਸ਼ਾ ਸਿੱਖਣ, ਬੱਚੇ, ਯੋਗਾ ਅਤੇ ਸਿਹਤ, ਰਸੋਈ, ਕਲਾ ਅਤੇ ਫਿਲਮਾਂ, ਜੋਤਿਸ਼ ਅਤੇ ਅੰਕ ਵਿਗਿਆਨ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ, ਗੁਜਰਾਤੀ, ਬੰਗਾਲੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿੱਚ।
ਹੱਸਦੇ ਰਹੋ ਹਸਾਉਂਦੇ ਰਹੋ
A HISTORY OF THE SIKHS
KHUSHWANT SINGH
CONDITION OF The Sikhs in CANADA 1901-2001
Gurcharan Singh
ਧੁੱਪਾਂ-ਛਾਂਵਾਂ
ਨਰਿੰਦਰ ਸਿੰਘ ਕਪੂਰ
ਅਣਗਾਹੇ ਰਾਹ
604-593-5967 | 604-595-2923
Follow us at #
#117B-12888 - 80 Ave., Surrey
E: info@indiabookworld.ca

idea immigration
SUPER VISAS & PNPs
ਕੈਨੇਡਾ ਪਹੁੰਚਣ ਦਾ ਸੁਨਹਿਰੀ ਮੌਕਾ
iccrc crcic
CANADA IMMIGRATION
• Specialist in marriage appeals & residency appeals
• Under express entry program applicant can come to Canada within 6 month. For assessments you can visit or call.
• Immigration under investment programme
• ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
• 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ
• ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪ੍ਰੋਗਰਾਮ 'ਚ ਤਬਦੀਲੀਆਂ
ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ
ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।
ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।
Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com

# ਸਰੀ ਦੇ ਚਿੰਤਾਗ੍ਰਸਤ ਕਾਰੋਬਾਰੀਆਂ ਦੀ ਇਕੱਤਰਤਾ ਤੇ ਸਰਕਾਰ ਦੀ ਜਵਾਬਦੇਹੀ...

**ਸੁਖਵਿੰਦਰ ਸਿੰਘ ਚੋਹਲਾ**

ਪਿਛਲੇ ਹਫਤੇ ਕਾਰੋਬਾਰੀ ਲੋਕਾਂ ਨੂੰ ਜਬਰੀ ਵਸੂਲੀ ਲਈ ਧਮਕੀ ਪੱਤਰ, ਫੋਨ ਕਾਲਾਂ ਤੇ ਡਰਾਉਣ ਧਮਕਾਉਣ ਲਈ ਗੋਲੀਬਾਰੀ ਦੀਆਂ ਘਟਨਾਵਾਂ ਨੂੰ ਲੈਕੇ ਸਥਾਨਕ ਬਿਜਨੈਸ ਭਾਈਚਾਰੇ ਵਲੋਂ ਕੀਤੀ ਗਈ ਇਕੱਤਰਤਾ ਦੌਰਾਨ ਇਹ ਗੱਲ ਸਪੱਸ਼ਟ ਹੋਈ ਹੈ ਕਿ ਇਹ ਘਟਨਾਵਾਂ ਕੇਵਲ ਖੰਭਾਂ ਦੀ ਡਾਰ ਨਹੀ ਬਲਕਿ ਬਹੁਤ ਸਾਰੇ ਅਜਿਹੇ ਲੋਕ ਹਨ, ਜਿਹਨਾਂ ਨਾਲ ਅਜਿਹਾ ਕੁਝ ਵਾਪਰ ਚੁੱਕਾ ਹੈ ਜਾਂ ਵਾਪਰਨ ਦਾ ਡਰ ਹੈ। ਇਸ ਇਕੱਤਰਤਾ ਵਿਚ ਸਰਕਾਰੀ ਪ੍ਰਤੀਨਿਧਾਂ, ਸਿਆਸੀ ਆਗੂਆਂ ਤੋਂ ਇਲਾਵਾ ਲੋਕਾਂ ਦੀਆਂ ਸ਼ਿਕਾਇਤਾਂ ਨੂੰ ਸੁਣਨ ਪੁੱਜੇ ਪੁਲਿਸ ਅਧਿਕਾਰੀਆਂ ਦਰਮਿਆਨ ਸਰੀ ਆਰ ਸੀ ਐਮ ਪੀ ਦੇ ਮੁਖੀ (ਅਸਿਸਟੈਂਟ ਕਮਿਸ਼ਨਰ ) ਨੇ ਲੋਅਰ ਮੇਨਲੈਂਡ ਵਿਚ ਅਜਿਹੀਆਂ ਤਿੰਨ ਘਟਨਾਵਾਂ ਵਾਪਰਨ ਦੀ ਪੁਸ਼ਟੀ ਕੀਤੀ ਹੈ। ਉਹਨਾਂ ਦਾ ਕਹਿਣਾ ਸੀ ਕਿ ਭਾਵੇਂਕਿ ਪਹਿਲਾਂ ਸੋਸ਼ਲ ਮੀਡੀਆ ਤੇ ਹੋਰ ਸਰੋਤਾਂ ਰਾਹੀਂ ਪੁੱਜੀਆਂ ਖਬਰਾਂ ਅਫਵਾਹਾਂ ਵਾਂਗ ਸਨ ਪਰ ਸਰੀ,ਵਾਈਟਰੌਕ,ਵੈਨਕੂਵਰ ਤੇ ਐਬਸਫੋਰਡ ਵਿਚ ਵਾਪਰੀਆਂ ਘਟਨਾਵਾਂ ਤੋਂ ਉਹ ਜਾਣੂ ਹਨ । ਇਸ ਸਬੰਧ ਵਿਚ ਪੁਲਿਸ ਫੋਰਸ ਵਲੋਂ ਕਲਵੇਰਡੇਲ ਵਿਚ ਫੜੇ ਗਏ ਦੋ ਨੌਜਵਾਨਾਂ ਦਾ ਖਾਸ ਜਿਕਰ ਕੀਤਾ ਤੇ ਦੱਸਿਆ ਕਿ ਜਾਂਚ ਟੀਮ ਲੋਕਾਂ ਨੂੰ ਨਤੀਜੇ ਦੇਵੇਗੀ। ਇਸ ਸਬੰਧ ਵਿਚ ਵਾਈਟ ਰੌਕ ਅਤੇ ਸਰੀ ਵਿਚ ਵਾਪਰੀਆਂ ਗੋਲੀਬਾਰੀ ਦੀਆਂ ਦੋ ਘਟਨਾਵਾਂ ਦੌਰਾਨ ਵਰਤੀਆਂ ਦੋ ਕਾਰਾਂ ਦੀਆਂ ਤਸਵੀਰਾਂ ਵੀ ਜਾਰੀ ਕੀਤੀਆਂ ਗਈਆਂ ਹਨ। ਉਹਨਾਂ ਦੱਸਿਆ ਕਿ ਜਬਰੀ ਵਸੂਲੀ ਲਈ ਧਮਕੀਆਂ ਜਾਂ ਗੋਲਬਾਰੀ ਦੀਆਂ ਘਟਨਾਵਾਂ ਇਕੱਲੇ ਲੋਅਰ ਮੇਨਲੈਂਡ ਹੀ ਨਹੀ ਬਲਿਕ ਟੋਰਾਂਟੋ ਅਤੇ ਐਡਮਿੰਟਨ ਵਿਚ ਵੀ ਵਾਪਰ ਚੁੱਕੀਆਂ ਹਨ। ਜਿਹਨਾਂ ਦਾ ਢੰਗ ਤਰੀਕਾ ਅਤੇ ਕਾਰ ਵਿਹਾਰ ਬਿਲਕੁਲ ਇਕੋ ਤਰਾਂ ਦਾ ਹੈ। ਆਰ ਸੀ ਐਮ ਪੀ ਦੀ ਵਿਸ਼ੇਸ਼ ਟੀਮ ਦੂਸਰੇ ਸੂਬਿਆਂ ਦੀ ਪੁਲਿਸ ਨਾਲ ਇਸ ਸਬੰਧ ਵਿਚ ਪੂਰਾ ਤਾਲਮੇਲ ਰੱਖ ਰਹੀ ਹੈ ਤੇ ਹਰ ਤਰਾਂ ਦੀ ਜਾਣਕਾਰੀ ਸਾਂਝੀ ਕੀਤੀ ਜਾ ਰਹੀ ਹੈ। ਇਹਨਾਂ ਘਟਨਾਵਾਂ ਲਈ ਬਣਾਈ ਗਈ ਵਿਸ਼ੇਸ਼ ਜਾਂਚ ਟੀਮ ਵਾਧੂ ਸਮਾਂ ਲਗਾਕੇ ਕੰਮ ਕਰ ਰਹੀ ਹੈ ਜਿਸ ਲਈ ਲੋਕਾਂ ਦੇ ਸਹਿਯੋਗ ਦੀ ਵਧੇਰੇ ਲੋੜ ਹੈ। ਉਹਨਾਂ ਵਾਰ ਵਾਰ ਜੋਰ ਦੇਕੇ ਕਿਹਾ ਕਿ ਅਜਿਹੀਆਂ ਘਟਨਾਵਾਂ ਦਾ ਸਾਹਮਣਾ ਕਰਨ ਵਾਲੇ ਲੋਕਾਂ ਵਲੋਂ ਪੁਲਿਸ ਨਾਲ ਸੰਪਰਕ ਕਰਨ ਤੇ ਹੀ ਕੋਈ ਕਾਰਵਾਈ ਸੰਭਵ ਹੈ। ਉਚ ਪੁਲਿਸ ਅਧਿਕਾਰੀ ਵਲੋਂ ਮੰਚ ਤੋਂ ਕਾਰੋਬਾਰੀਆਂ ਨੂੰ ਸੰਬੋਧਨ ਹੁੰਦਿਆਂ ਜੋ ਹਾਵ ਭਾਵ ਪ੍ਰਗਟ ਕੀਤੇ ਗਏ,ਉਸਤੋਂ ਸਪੱਸ਼ਟ ਸੀ ਕਿ ਕਾਰੋਬਾਰੀਆਂ ਦੀ ਇਹ ਸ਼ਿਕਾਇਤ ਕਿ ਪੁਲਿਸ ਇਹਨਾਂ ਘਟਨਾਵਾਂ ਨੂੰ ਗੰਭੀਰਤਾ ਨਾਲ ਨਾ ਲੈਂਦਿਆਂ ਕੋਈ ਕਾਰਵਾਈ ਨਹੀ ਕਰ ਰਹੀ,ਬਿਲਕੁਲ ਨਿਰਆਧਾਰ ਹੈ। ਉਹਨਾਂ ਪੁਲਿਸ ਫੋਰਸ ਦਾ ਨਾਗਰਿਕਾਂ ਦੀ ਸੁਰੱਖਿਆ ਲਈ ਅਮਨ ਕਨੂੰਨ ਦੀ ਹਾਲਤ ਉਪਰ ਮਜ਼ਬੂਤ ਪਕੜ ਹੋਣ ਦਾ ਦਾਅਵਾ ਕੀਤਾ। ਉਹਨਾਂ ਹਾਲ ਵਿਚ ਬੈਠੇ ਕਾਰੋਬਾਰੀਆਂ ਨੂੰ ਵਾਰ ਵਾਰ ਚੁਣੌਤੀ ਦਿੱਤੀ ਕਿ ਉਹ ਆਪਣੀ ਸ਼ਿਕਾਇਤ ਲੈਕੇ ਆਉਣ ਤਾਂ ਹੀ ਨਤੀਜੇ ਦਿੱਤੇ ਜਾ ਸਕਣਗੇ। ਇਸ ਮੌਕੇ ਬੀ ਸੀ ਸਰਕਾਰ ਦੀ ਅਟਾਰਨੀ ਜਰਨਲ ਅਤੇ ਹੋਰ ਸਿਆਸੀ ਨੁਮਾਇੰਦਿਆਂ ਨੇ ਵੀ ਇਹਨਾਂ ਘਟਨਾਵਾਂ ਉਪਰ ਚਿੰਤਾ ਪ੍ਰਗਟ ਕਰਦਿਆਂ ਕਾਰੋਬਾਰੀਆਂ ਨੂੰ ਪੁਲਿਸ ਫੋਰਸ ਵਿਚ ਯਕੀਨ ਰੱਖਣ ਦਾ ਸੱਦਾ ਦਿੱਤਾ।



ਮੀਡੀਆ ਰਿਪੋਰਟਾਂ ਹਨ ਕਿ ਕੈਨੇਡਾ ਦੇ ਘੱਟੋ-ਘੱਟ ਛੇ ਸ਼ਹਿਰਾਂ ਵਿੱਚ ਪੁਲਿਸ ਵਲੋਂ ਸਾਊਥ ਏਸ਼ੀਅਨ ਭਾਈਚਾਰੇ ਅਤੇ ਖਾਸ ਕਰਕੇ ਭਾਰਤੀ ਮੂਲ ਦੇ ਲੋਕਾਂ ਨੂੰ ਨਿਸ਼ਾਨਾ ਬਣਾ ਕੇ ਜਬਰੀ ਵਸੂਲੀ ਦੇ ਕਈ ਮਾਮਲਿਆਂ ਦੀ ਜਾਂਚ ਕੀਤੀ ਜਾ ਰਹੀ ਹੈ। ਭਾਵੇਂਕਿ ਕਿਸੇ ਅਧਿਕਾਰੀ ਵਲੋਂ ਜਾਂਚ ਦੇ ਵੇਰਵਿਆਂ ਦਾ ਕੋਈ ਖੁਲਾਸਾ ਨਹੀ ਕੀਤਾ ਗਿਆ ਪਰ ਸੂਤਰ ਦੱਸਦੇ ਹਨ ਕਿ ਇਹਨਾਂ ਜਬਰੀ ਵਸੂਲੀ ਦੀਆਂ ਘਟਨਾਵਾਂ ਦਾ ਸਬੰਧ ਇੰਡੀਆ ਦੇ ਇਕ ਗੈਂਗਸਟਰ ਗਰੁੱਪ ਨਾਲ ਜੁੜਿਆ ਹੋ ਸਕਦਾ ਹੈ। ਇਸ ਸਬੰਧ ਵਿਚ ਜਿਆਦਾਤਰ ਚਰਚਾ ਲਾਰੈਂਸ ਬਿਸ਼ਨੋਈ ਗਰੁੱਪ ਦੀ ਹੈ ਜਿਸਦੇ ਕੈਨੇਡਾ ਵਿਚ ਰਹਿੰਦੇ ਇਕ ਸਾਥੀ ਗੋਲਡੀ ਬਰਾੜ ਵਲੋਂ ਪ੍ਰਸਿੱਧ ਗਾਇਕ ਸਿੱਧੂ ਮੂਸੇਵਾਲਾ ਨੂੰ ਮਾਰਨ ਦੀ ਜਿੰਮੇਵਾਰੀ ਲਈ ਗਈ ਸੀ। ਪਿਛਲੇ ਦਿਨੀਂ ਭਾਰਤ ਦੀ ਕੌਮੀ ਜਾਂਚ ਏਜੰਸੀ ( ਐਨ ਆਈ ਏ) ਵਲੋਂ ਗੋਲਡੀ ਬਰਾੜ ਨੂੰ ਅਤਵਾਦੀ ਐਲਾਨਿਆ ਗਿਆ ਹੈ। ਜਿਕਰਯੋਗ ਹੈ ਕਿ ਲਾਰੈਂਸ ਬਿਸ਼ਨੋਈ 2014 ਤੋਂ ਜੇਲ ਵਿਚ ਹੈ ਪਰ ਉਹ ਜੇਲ ਵਿਚ ਬੈਠਾ ਹੀ ਗੈਂਗਸਟਰ ਸਰਗਰਮੀਆਂ ਚਲਾ ਰਿਹਾ ਹੈ। ਪਿਛਲੇ ਸਮੇਂ ਵਿਚ ਉਸਦੀ ਜੇਲ ਚੋ ਇਕ ਟੀਵੀ ਚੈਨਲ ਉਪਰ ਇੰਟਰਵਿਊ ਭਾਰੀ ਚਰਚਾ ਵਿਚ ਰਹੀ ਸੀ। ਇਸ ਇੰਟਰਵਿਊ ਵਿਚ ਉਸਨੇ ਖੁਦ ਨੂੰ ਰਾਸ਼ਟਰਵਾਦੀ ਹੋਣ ਦਾ ਦਾਅਵਾ ਕੀਤਾ ਸੀ।

ਪਿਛਲੇ ਦੋ-ਤਿੰਨ ਮਹੀਨੇ ਤੋਂ ਲੋਅਰ ਮੇਨਲੈਂਡ ਵਿਚ ਕਾਰੋਬਾਰੀਆਂ ਨੂੰ ਜਬਰੀ ਵਸੂਲੀ ਲਈ ਜੋ ਧਮਕੀ ਪੱਤਰ ਮਿਲੇ ਸਨ, ਉਹਨਾਂ ਵਿਚ ਜੈ ਸ੍ਰੀ ਰਾਮ ਦੇ ਨਾਅਰੇ ਨਾਲ ਸੰਬੋਧਨ ਹੁੰਦਿਆਂ ਇਸੇ ਰਾਸ਼ਟਰਵਾਦੀ ਗੈਂਗਸਟਰ ਗਰੁੱਪ ਦਾ ਭਲੇਖਾ ਪਾਉਣ ਦੇ ਯਤਨ ਕੀਤੇ ਗਏ ਸਨ । ਸ਼ਾਇਦ ਇਸੇ ਨੂੰ ਆਧਾਰ ਬਣਾਕੇ ਐਬਸਫੋਰਡ ਪੁਲਿਸ ਵਲੋਂ ਕਿਹਾ ਗਿਆ ਸੀ ਕਿ ਜਬਰੀ ਵਸੂਲੀ ਦੇ ਸਬੰਧ ਭਾਰਤੀ ਮੂਲ ਦੇ ਗੈਂਗਸਟਰ ਗਰੁੱਪ ਨਾਲ ਜੁੜੇ ਹੋ ਸਕਦੇ ਹਨ। ਸਰੀ ਆਰ ਸੀ ਐਮ ਪੀ ਦੀ ਬੁਲਾਰਨ ਨੇ ਵੀ ਸ਼ਾਇਦ ਇਸੇ ਕਰਕੇ ਇਹਨਾਂ ਘਟਨਾਵਾਂ ਨੂੰ ਪੰਜਾਬ ਵਿਚ ਵਾਪਰਨ ਵਾਲੀਆਂ ਗੈਂਗਸਟਰ ਘਟਨਾਵਾਂ ਨਾਲ ਜੁੜਨ ਦਾ ਖਦਸ਼ਾ ਪ੍ਰਗਟ ਕੀਤਾ ਸੀ।

ਜੋ ਵੀ ਹੈ ਕਿ ਇਸ ਸਮੇਂ ਸਰੀ ਆਰ ਸੀ ਐਮ ਪੀ ਵਲੋਂ ਜਬਰੀ ਵਸੂਲੀ ਨਾਲ ਸਬੰਧਿਤ ਤਿੰਨ ਘਟਨਾਵਾਂ ਦੀ ਪੁਸ਼ਟੀ ਕਰਨ ਤੋਂ ਬਿਨਾਂ ਐਡਮਿੰਟਨ ਪੁਲਿਸ ਵਲੋਂ 18 ਅਤੇ ਟੋਰਾਂਟੋ ਦੇ ਪੀਲ ਪੁਲਿਸ ਰੀਜਨ ਵਲੋਂ 16 ਘਟਨਾਵਾਂ ਦੀ ਜਾਂਚ ਕੀਤੀ ਜਾ ਰਹੀ ਹੈ। ਜਬਰੀ ਵਸੂਲੀ, ਗੋਲੀਬਾਰੀ ਤੇ ਅਗਜ਼ਨੀ ਦੀਆਂ ਇਹ ਸਾਰੀਆਂ ਘਟਨਾਵਾਂ ਸਾਊਥ ਏਸ਼ੀਅਨ ਵਿਸ਼ੇਸ਼ ਕਰਕੇ ਭਾਰਤੀ ਪੰਜਾਬੀ ਭਾਈਚਾਰੇ ਨਾਲ ਸਬੰਧਤਿ ਹਨ। ਹੁਣ ਤੱਕ ਕੋਈ ਵੀ ਪੁਲਿਸ ਜਾਂਚ ਇੰਡੋ ਕੈਨੇਡੀਅਨ ਭਾਈਚਾਰੇ ਤੋਂ ਬਾਹਰ ਕਿਸੇ ਹੋਰ ਭਾਈਚਾਰੇ ਵੱਲ ਇਸ਼ਾਰਾ ਨਹੀ ਕਰਦੀ। ਕੈਨੇਡੀਅਨ ਗੈਂਗਜ ਵਿਚ ਪੰਜਾਬੀ ਨੌਜਵਾਨਾਂ ਦੀ ਸ਼ਮੂਲੀਅਤ ਤੋਂ ਬਾਦ ਪੰਜਾਬ ਦੀ ਤਰਜ ਤੇ ਇਸ ਨਵੇਂ ਗੈਂਗਸਟਰਵਾਦ ਨੇ ਕੈਨੇਡੀਅਨ ਪੰਜਾਬੀ ਭਾਈਚਾਰੇ ਵਿਚ ਡਰ ਭੈਅ ਦੇ ਮਾਹੌਲ ਦੇ ਨਾਲ ਉਹਨਾਂ ਦੇ ਸਮੂਹਿਕ ਅਕਸ ਨੂੰ ਵੀ ਢਾਹ ਲਗਾਈ ਹੈ। ਸਰੀ ਵਿਚ ਕਾਰੋਬਾਰੀਆਂ ਦੇ ਇਕੱਠ ਵਿਚ ਆਰ ਸੀ ਐਮ ਪੀ ਦੇ ਉਚ ਅਧਿਕਾਰੀ ਦੇ ਬੋਲਾਂ ਦਾ ਕੁਰੱਖਤ ਲਹਿਜਾ ਸ਼ਾਇਦ ਇਹ ਕਹਿਣ ਲਈ ਕਾਫੀ ਸੀ ਕਿ ਇਹ ਸਮੱਸਿਆ ਕੈਨੇਡੀਅਨ ਮੁੱਖ ਧਾਰਾ ਦੀ ਨਹੀਂ ਸਗੋਂ ਇਕ ਵਿਸ਼ੇਸ਼ ਵਰਗ ਦੀ ਹੈ। ਉਹਨਾਂ ਵਲੋਂ ਜਾਂਚ ਦੇ ਠੋਸ ਨਤੀਜੇ ਦੇਣ ਦਾ ਵਾਅਦਾ ਕੀਤਾ ਗਿਆ ਹੈ। ਉਡੀਕ ਕਰਨੀ ਬਣਦੀ ਹੈ। ਵੈਦਿਕ ਹਿਦੂ ਕਲਚਰ ਸੁਸਾਇਟੀ ਵਲੋਂ ਇਸ ਭਾਈਚਾਰਕ ਇਕੱਤਰਤਾ ਲਈ ਕੀਤੇ ਗਏ ਉਦਮ ਤੇ ਯਤਨਾਂ ਦੀ ਸ਼ਲਾਘਾ ਕਰਨੀ ਬਣਦੀ ਹੈ। ਅਜਿਹੇ ਜਨਤਕ ਇਕੱਠ ਰਾਹੀਂ ਹੀ ਕਿਸੇ ਸਾਂਝੀ ਭਾਈਚਾਰਕ ਸਮੱਸਿਆ ਜਾਂ ਸੁਨੇਹੇ ਨੂੰ ਸਰਕਾਰ ਤੇ ਪ੍ਰਸ਼ਾਸਨ ਤੱਕ ਮਜਬੂਤੀ ਨਾਲ ਪਹੁੰਚਾਉਂਦਿਆਂ ਜਵਾਬਦੇਹ ਬਣਾਇਆ ਜਾ ਸਕਦਾ ਹੈ। ਉਂਜ ਇਹ ਹੋਰ ਵਧੇਰੇ ਚੰਗਾ ਹੁੰਦਾ ਜੇ ਇਹ ਭਾਈਚਾਰਕ ਇਕੱਠ ਕਿਸੇ ਇਕ ਵਿਸ਼ੇਸ਼ ਫਿਰਕੇ ਦੇ ਬੈਨਰ ਹੇਠ ਕਰਨ ਦੀ ਬਿਜਾਏ ਸਮੂਹਿਕ ਕਾਰੋਬਾਰੀ ਨੁਮਾਇੰਦਗੀ ਹੇਠ ਕਰਵਾਇਆ ਜਾਂਦਾ।


ਸਟ੍ਰੋਕ ਦੇ ਸੰਕੇਤਾਂ ਨੂੰ ਜਾਣੋ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?

**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?

**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?

**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫੋਨ ਕਰੋ।

FAST ਕਿਰਿਆ ਕਰੋ। ਜੀਵਨ ਨੂੰ ਬਚਾਉਣ ਵਾਲਾ ਇਲਾਜ ਤੁਹਾਡੇ ਦੁਆਰਾ 9-1-1 ਤੇ ਕਾਲ ਕਰਨ ਦੇ ਸਕਿੰਟ ਨਾਲ ਸ਼ੁਰੂ ਹੁੰਦਾ ਹੈ।

heartandstroke.ca/punjabi

Heart & Stroke

BRITISH COLUMBIA
Supported by the Province of British Columbia

© Heart and Stroke Foundation of Canada, 2022 | ™ The heart and / Icon on its own and the heart and / Icon followed by another icon or words are trademarks of the Heart and Stroke Foundation of Canada.



REAL ESTATE BUY & SELL
KULWANT ATWAL 604-716-2135

MORTGAGES 1st, 2nd or Private
BHAJAN ATWAL 604-773-8426

BUILD WITH WARRANTY
BUILD, SUPPORT & ADVICE TEAM WORK
604-773-8426
604-594-7592



Save Commissions & Get Sold Guaranteed
We Help Buyers With Cash Back
Buy, Sell, Mortgage or Build With Us:



amex A Mark of EXcellence

CENTUM

You Will Save Thousands Thousands Dollars

Buy With Us: Get Full Support
Sell With Us: Save Money
Build With Us: Warranty & Support

"Pre-Register Your House To Sell & Save Thousands Dollars & Guaranteed Sold"

RESIDENTIAL
CONSTRUCTION
COMMERCIAL
NEW IMMIGRANTS
SELF EMPLOYED

PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply

Real Estate, Mortgage, Build & Warranty, Private Mortgages
604-716-2135 604-773-8426

# ਬਿਲਕੀਸ ਬਾਨੋ ਮਾਮਲੇ ਵਿਚ ਦੋਸ਼ੀਆਂ ਨੇ ਆਤਮ-ਸਮਰਪਣ ਲਈ ਸਮਾਂ ਮੰਗਿਆ




ਨਵੀਂ ਦਿੱਲੀ-ਗੁਜਰਾਤ 'ਚ 2002 ਦੇ ਦੰਗਿਆਂ ਦੌਰਾਨ ਬਿਲਕੀਸ ਬਾਨੋ ਨਾਲ ਸਮੂਹਿਕ ਬਲਾਤਕਾਰ ਅਤੇ ਉਸ ਦੇ ਪਰਿਵਾਰ ਦੇ ਸੱਤ ਮੈਂਬਰਾਂ ਦੀ ਹੱਤਿਆ ਦੇ ਮਾਮਲੇ 'ਚ ਤਿੰਨ ਦੋਸ਼ੀਆਂ ਨੇ ਅੱਜ ਸੁਪਰੀਮ ਕੋਰਟ 'ਚ ਪਟੀਸ਼ਨ ਦਾਇਰ ਕਰਕੇ ਆਤਮ ਸਮਰਪਣ ਲਈ ਹੋਰ ਸਮਾਂ ਮੰਗਿਆ ਹੈ। ਸੁਪਰੀਮ ਕੋਰਟ ਨੇ ਗੁਜਰਾਤ ਸਰਕਾਰ 'ਤੇ 2002 ਦੇ ਦੰਗਿਆਂ ਦੌਰਾਨ ਆਪਣੀਆਂ ਸ਼ਕਤੀਆਂ ਦੀ ਦੁਰਵਰਤੋਂ ਕਰਨ ਦਾ ਦੋਸ਼ ਲਾਉਂਦਿਆਂ 8 ਜਨਵਰੀ ਨੂੰ ਬਿਲਕੀਸ ਬਾਨੋ ਨਾਲ ਸਮੂਹਿਕ ਜਬਰ ਜਨਾਹ ਅਤੇ ਉਸ ਦੇ ਪਰਿਵਾਰ ਦੇ 7 ਮੈਂਬਰਾਂ ਦੀ ਹੱਤਿਆ ਦੇ ਮਾਮਲੇ ਵਿੱਚ 11 ਦੋਸ਼ੀਆਂ ਨੂੰ ਸਜ਼ਾ ਮੁਆਫ਼ ਕਰਨ ਦੇ ਫੈਸਲੇ ਨੂੰ ਰੱਦ ਕਰਦਿਆਂ ਦੋਸ਼ੀਆਂ ਨੂੰ ਦੋ ਹਫ਼ਤਿਆਂ ਵਿੱਚ ਜੇਲ੍ਹ ਭੇਜਣ ਦੇ ਨਿਰਦੇਸ਼ ਦਿੱਤੇ ਗਏ ਸਨ। ਆਤਮਸਮਰਪਣ ਕਰਨ ਲਈ ਹੋਰ ਸਮਾਂ ਦੇਣ ਦੇ ਮਾਮਲੇ ਦਾ ਜ਼ਿਕਰ ਜਸਟਿਸ ਬੀਵੀ ਨਾਗਰਥਨਾ ਅਤੇ ਜਸਟਿਸ ਸੰਜੈ ਕਰੋਲ ਦੇ ਬੈਂਚ ਸਾਹਮਣੇ ਕੀਤਾ ਗਿਆ। ਇਸ 'ਤੇ ਬੈਂਚ ਨੇ ਰਜਿਸਟਰੀ ਨੂੰ ਕਿਹਾ ਕਿ ਉਹ ਪਟੀਸ਼ਨ ਨੂੰ ਚੀਫ ਜਸਟਿਸ ਦੇ ਸਾਹਮਣੇ ਪੇਸ਼ ਕਰਨ।

# ਖਹਿਰਾ ਨੂੰ ਜ਼ਮਾਨਤ ਮਾਮਲੇ 'ਚ ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਦੀ ਅਪੀਲ ਰੱਦ ਕੀਤੀ

ਨਵੀਂ ਦਿੱਲੀ-ਸੁਪਰੀਮ ਕੋਰਟ ਨੇ ਐੱਨਡੀਪੀਐੱਸ ਐਕਟ ਕੇਸ ਵਿੱਚ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੂੰ ਜ਼ਮਾਨਤ ਦੇਣ ਦੇ ਹਾਈ ਕੋਰਟ ਦੇ 2015 ਦੇ ਹੁਕਮਾਂ ਖ਼ਿਲਾਫ਼ ਪੰਜਾਬ ਸਰਕਾਰ ਦੀ ਅਪੀਲ ਰੱਦ ਕਰ ਦਿੱਤੀ ਹੈ।ਜਸਟਿਸ ਬੇਲਾ ਐਮ. ਤ੍ਰਿਵੇਦੀ ਅਤੇ ਜਸਟਿਸ ਕੇਵੀ ਵਿਸ਼ਵਨਾਥਨ ਦੇ ਬੈਂਚ ਨੇ ਕਿਹਾ ਕਿ ਉਹ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ 4 ਜਨਵਰੀ ਦੇ ਹੁਕਮਾਂ ਵਿੱਚ ਦਖ਼ਲ ਨਹੀਂ ਦੇਵੇਗਾ। ਬੈਂਚ ਨੇ ਪੰਜਾਬ ਸਰਕਾਰ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਸਿਧਾਰਥ ਲੂਥਰਾ ਨੂੰ ਕਿਹਾ ਕਿ ਭਾਵੇਂ ਖਹਿਰਾ ਖ਼ਿਲਾਫ਼ ਦੋਸ਼ ਗੰਭੀਰ ਹਨ ਪਰ ਕੇਸ ਦੇ ਤੱਥਾਂ ਅਤੇ ਹਾਲਾਤ ਵਿੱਚ ਉਹ ਹਾਈ ਕੋਰਟ ਦੇ ਹੁਕਮਾਂ ਵਿੱਚ ਦਖ਼ਲਅੰਦਾਜ਼ੀ ਨਹੀਂ ਕਰੇਗਾ। ਭੁਲੱਥ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਖਹਿਰਾ ਨੂੰ ਹਾਈਕੋਰਟ ਨੇ ਜ਼ਮਾਨਤ ਦੇ ਦਿੱਤੀ ਸੀ।



# ਸਰੀ ਤੇ ਬਰੈਂਪਟਨ ਦੇ ਮੇਅਰਾਂ ਨੇ ਭਾਰਤੀ ਮੂਲ ਦੇ ਕਾਰੋਬਾਰੀਆਂ ਨੂੰ ਫਿਰੌਤੀ ਦੀਆਂ ਧਮਕੀਆਂ 'ਤੇ ਚਿੰਤਾ ਪ੍ਰਗਟਾਈ-ਕੇਂਦਰੀ ਮੰਤਰੀ ਨੂੰ ਪੱਤਰ ਲਿਖਿਆ

ਟੋਰਾਂਟੋ-ਭਾਰਤੀ ਅਤੇ ਦੱਖਣ ਏਸ਼ਿਆਈ ਵਪਾਰਕ ਭਾਈਚਾਰਿਆਂ ਵਿਰੁੱਧ ਫਿਰੌਤੀ ਦੀਆਂ ਧਮਕੀਆਂ ਵਧਣ 'ਤੇ ਚਿੰਤਾ





ਜ਼ਾਹਰ ਕਰਦੇ ਹੋਏ ਕੈਨੇਡੀਅਨ ਸ਼ਹਿਰਾਂ ਬਰੈਂਪਟਨ ਅਤੇ ਸਰੀ ਦੇ ਮੇਅਰਾਂ ਨੇ ਸਰਕਾਰ ਨੂੰ ਇਸ ਖਤਰੇ ਨੂੰ ਜੜ੍ਹੋਂ ਪੁੱਟਣ ਲਈ ਤੇਜ਼ੀ ਨਾਲ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ। ਬਰੈਂਪਟਨ ਦੇ ਮੇਅਰ ਪੈਟਰਿਕ ਬ੍ਰਾਊਨ ਅਤੇ ਸਰੀ ਤੋਂ ਉਨ੍ਹਾਂ ਦੇ ਹਮਰੁਤਬਾ ਬਰੈਂਡਾ ਲਾਕ ਨੇ ਕੈਨੇਡਾ ਦੇ ਜਨਤਕ ਸੁਰੱਖਿਆ ਮੰਤਰੀ ਡੋਮਿਨਿਕ ਲੇਬਲੈਂਕ ਨੂੰ ਭੇਜੇ ਪੱਤਰ ਵਿੱਚ ਇਸ ਹਫ਼ਤੇ ਫਿਰੌਤੀ ਦੀਆਂ ਕੋਸ਼ਿਸ਼ਾਂ ਅਤੇ ਗੋਲੀਬਾਰੀ ਸਮੇਤ ਹਿੰਸਕ ਕਾਰਵਾਈਆਂ ਦੀ ਵੱਧ ਰਹੀ ਗਿਣਤੀ 'ਤੇ ਡੂੰਘੀ ਚਿੰਤਾ ਜ਼ਾਹਰ ਕੀਤੀ। ਪੱਤਰ ਵਿੱਚ ਕਿਹਾ ਗਿਆ ਹੈ, 'ਇਹ ਚਿੰਤਾਜਨਕ ਹੈ ਤੇ ਧਮਕੀਆਂ ਮੁੱਖ ਤੌਰ 'ਤੇ ਦੱਖਣੀ ਏਸ਼ਿਆਈ ਵਪਾਰਕ ਭਾਈਚਾਰੇ ਨੂੰ ਮਿਲ ਰਹੀਆਂ ਹਨ। 3 ਜਨਵਰੀ ਨੂੰ ਐਡਮਿੰਟਨ ਵਿੱਚ ਪੁਲੀਸ ਨੇ ਦੱਸਿਆ ਸੀ ਕਿ ਉਹ ਇਸ ਖੇਤਰ ਵਿੱਚ 18 ਫਿਰੌਤੀ ਦੀਆਂ ਘਟਨਾਵਾਂ ਦੀ ਜਾਂਚ ਕਰ ਰਹੀ ਹੈ। ਉਸ ਨੇ ਜਬਰੀ ਵਸੂਲੀ, ਗੋਲੀਬਾਰੀ ਅਤੇ ਅੱਗਜ਼ਨੀ ਨਾਲ ਸਬੰਧਤ ਛੇ ਗ੍ਰਿਫਤਾਰੀਆਂ ਦਾ ਵੀ ਖੁਲਾਸਾ ਕੀਤਾ ਸੀ। ਇਨ੍ਹਾਂ ਵਿੱਚ 20 ਸਾਲਾ ਪਰਮਿੰਦਰ ਸਿੰਘ ਵੀ ਸ਼ਾਮਲ ਹੈ, ਜੋ ਹਥਿਆਰਾਂ ਨਾਲ ਸਬੰਧਤ 12 ਦੋਸ਼ਾਂ ਲਈ ਹਿਰਾਸਤ ਵਿੱਚ ਹੈ। ਉਸ ਤੋਂ ਇਲਾਵਾ ਹਸਨ ਡੋਬਿਲ (18), ਮਾਨਵ ਹੀਰ (18), ਰਵਿੰਦਰ ਸੰਧੂ (19) ਕਾਬੂ ਕੀਤਾ ਗਿਆ ਸੀ ਪਰ ਹੁਣ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ ਹੈ।

# ਅਮਰੀਕਾ ਵਿਚ ਭਾਰਤੀ ਰਾਜਦੂਤ ਸੰਧੂ ਨੂੰ ਵਿਦਾਇਗੀ ਪਾਰਟੀ

ਵਾਸ਼ਿੰਗਟਨ-ਅਮਰੀਕੀ ਵਪਾਰਕ ਵਕਾਲਤ ਸਮੂਹ ਨੇ ਇਸ ਮਹੀਨੇ ਦੇ ਅਖ਼ੀਰ ਵਿੱਚ ਸੇਵਾਮੁਕਤ ਹੋ ਰਹੇ ਅਮਰੀਕਾ ਵਿੱਚ ਭਾਰਤੀ ਰਾਜਦੂਤ ਤਰਨਜੀਤ ਸਿੰਘ ਸੰਧੂ ਨੂੰ ਵਿਦਾਇਗੀ ਪਾਰਟੀ ਦਿੱਤੀ। ਯੂਐੱਸ ਇੰਡੀਆ ਬਿਜ਼ਨਸ ਕੌਂਸਲ (ਯੂਐੱਸਆਈਬੀਸੀ) ਨੇ ਬੁੱਧਵਾਰ ਨੂੰ ਇਸ ਪਾਰਟੀ ਦੀ ਮੇਜ਼ਬਾਨੀ ਕੀਤੀ, ਜਿਸ ਵਿੱਚ ਵ੍ਹਾਈਟ ਹਾਊਸ, ਸਰਕਾਰੀ ਅਤੇ ਕਾਰਪੋਰੇਟ ਸੈਕਟਰ ਦੇ ਸਿਖਰਲੇ ਅਧਿਕਾਰੀ ਸ਼ਾਮਲ ਹੋਏ। ਪਿਛਲੇ ਕੁੱਝ ਸਾਲਾਂ ਦੌਰਾਨ ਭਾਰਤ-ਅਮਰੀਕਾ ਵਿਚਾਲੇ ਦੁਵੱਲੇ ਸਬੰਧਾਂ ਦੀ ਮਜ਼ਬੂਤੀ ਲਈ ਤਰਨਜੀਤ ਸਿੰਘ ਸੰਧੂ ਨੇ ਅਹਿਮ ਭੂਮਿਕਾ ਨਿਭਾਈ ਹੈ।



ਆਪਣੇ 35 ਸਾਲ ਦੇ ਕਰੀਅਰ ਦੌਰਾਨ ਸੰਧੂ ਨੂੰ ਚਾਰ ਵਾਰ ਸੰਯੁਕਤ ਰਾਜ ਅਮਰੀਕਾ ਵਿੱਚ ਤਾਇਨਾਤ ਕੀਤਾ ਗਿਆ ਸੀ, ਜਿਨ੍ਹਾਂ ਵਿੱਚੋਂ ਤਿੰਨ ਵਾਰ ਉਹ ਵਾਸ਼ਿੰਗਟਨ ਡੀਸੀ ਵਿੱਚ ਭਾਰਤੀ ਦੂਤਾਵਾਸ ਸਨ। ਸਮਾਰੋਹ ਵਿੱਚ ਵ੍ਹਾਈਟ ਹਾਊਸ ਦੇ ਇੰਡੋ-ਪੈਸੀਫਿਕ ਲਈ ਕੌਮੀ ਸੁਰੱਖਿਆ ਕੌਂਸਲ ਦੇ ਕੋਆਰਡੀਨੇਟਰ ਕੁਰਟ ਕੈਂਪਬੈਲ ਅਤੇ ਸਾਬਕਾ ਡਿਪਲੋਮੈਂਟ ਤੇ ਯੂਐੱਸ ਇੰਡੀਆ ਬਿਜ਼ਨਸ ਕੌਂਸਲ ਦੇ ਪ੍ਰਧਾਨ ਅਤੁਲ ਕਸ਼ਪ ਨੇ ਤਰਨਜੀਤ ਸਿੰਘ ਸੰਧੂ ਦੀਆਂ ਪ੍ਰਾਪਤੀਆਂ ਗਿਣਾਈਆਂ।

# ਕੋਕੀਨ ਦੀ ਤਸਕਰੀ ਕਰਨ ਵਾਲੀ ਭਾਰਤੀ ਮੂਲ ਦੀ ਕੈਨਡੀਅਨ ਟਰੱਕ ਡਰਾਈਵਰ ਨੇ ਜੁਰਮ ਕਬੂਲਿਆ, 20 ਸਾਲ ਤੱਕ ਦੀ ਹੋ ਸਕਦੀ ਹੈ ਸਜ਼ਾ


ਨਿਊਯਾਰਕ-ਅਮਰੀਕਾ ਵਿੱਚ ਅਧਿਕਾਰੀਆਂ ਨੂੰ ਤਰਬੂਜ ਦੇ ਡੱਬਿਆਂ 'ਚੋਂ ਕਰੀਬ 30 ਕਿਲੋਗ੍ਰਾਮ ਕੋਕੀਨ ਮਿਲਣ ਤੋਂ ਬਾਅਦ ਭਾਰਤੀ ਮੂਲ ਦੀ ਕੈਨੇਡੀਅਨ ਟਰੱਕ ਡਰਾਈਵਰ ਨੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਦਾ ਜੁਰਮ ਕਬੂਲ ਕੀਤਾ ਹੈ। ਓਂਟਾਰੀਓ ਦੀ ਰਹਿਣ ਵਾਲੀ ਕਰਿਸ਼ਮਾ ਕੌਰ ਜਗਰੂਪ (42) ਮੋਂਟਾਨਾ ਬਾਰਡਰ 'ਤੇ ਕੈਨੇਡਾ 'ਚ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੀ ਸੀ, ਜਦੋਂ ਉਸ ਨੂੰ ਕਸਟਮ ਅਤੇ ਬਾਰਡਰ ਪ੍ਰੋਟੈਕਸ਼ਨ ਅਫਸਰਾਂ ਨੇ ਫੜ ਲਿਆ। ਉਸ ਨੂੰ ਵੱਧ ਤੋਂ ਵੱਧ 20 ਸਾਲ ਦੀ ਕੈਦ, 10 ਡਾਲਰ ਦਾ ਜੁਰਮਾਨਾ ਹੋ ਸਕਦਾ ਹੈ। ਜਗਰੂਪ ਦੀ ਸਜ਼ਾ 23 ਮਈ ਤੈਅ ਕੀਤੀ ਗਈ ਹੈ। ਉਸ ਨੂੰ ਜੁਲਾਈ 2021 'ਚ ਕਾਬੂ ਕੀਤਾ ਗਿਆ ਸੀ।

ਓਸ਼ਨ ਵਿਊ ਫਿਸ਼ ਕੈਨਰੀ
OCEAN VIEW FISH CANNERY
ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।
- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



604-594-0616







## ਰਾਮਲਲਾ ਦੀ ਮੂਰਤੀ ਅਯੁੱਧਿਆ ਮੰਦਰ ਦੇ 'ਗਰਭ ਗ੍ਰਹਿ' ਵਿਚ ਸਥਾਪਤ

ਸਫ਼ਾ 1 ਦੀ ਬਾਕੀ

ਤੇ ਸੂਚਨਾ ਤਕਨਾਲੋਜੀ ਮੰਤਰਾਲੇ, ਇੰਟੈਲੀਜੈਂਸ ਬਿਊਰੋ, ਇੰਡੀਅਨ ਕੰਪਿਊਟਰ ਐਮਰਜੈਂਸੀ ਰਿਸਪੌਂਸ ਟੀਮ ਅਤੇ ਸਾਈਬਰ ਮਾਮਲਿਆਂ ਦੇ ਮਾਹਿਰ ਸ਼ਾਮਲ ਹਨ। ਉਧਰ, ਇਕ ਸੀਨੀਅਰ ਪੁਲੀਸ ਅਧਿਕਾਰੀ ਨੇ ਦੱਸਿਆ ਕਿ ਪ੍ਰਾਣ ਪ੍ਰਤਿਸ਼ਠਾ ਸਮਾਰੋਹ ਦੌਰਾਨ ਚੋਣਵੇਂ ਪੁਲੀਸ ਮੁਲਾਜ਼ਮਾਂ ਦੀਆਂ 45 ਟੀਮਾਂ ਵੀਵੀਆਈਪੀਜ਼ ਨੂੰ ਸੁਰੱਖਿਆ ਮੁਹੱਈਆ ਕਰਵਾਉਣਗੀਆਂ। ਇਸ ਦੌਰਾਨ ਪ੍ਰਧਾਨ ਮੰਤਰੀ ਦੇ ਐੱਸਪੀਜੀ ਸੁਰੱਖਿਆ ਅਮਲੇ ਤੋਂ ਇਲਾਵਾ ਹੋਰ ਕਿਸੇ ਤਰ੍ਹਾਂ ਦੀ ਸੁਰੱਖਿਆ ਸਮਾਰੋਹ ਵਾਲੀ ਥਾਂ ਤੱਕ ਲੈ ਕੇ ਜਾਣ ਦੀ ਇਜਾਜ਼ਤ ਨਹੀਂ ਹੋਵੇਗੀ। ਇਸੇ ਦੌਰਾਨ ਸ੍ਰੀ ਰਾਮ ਜਨਮਭੂਮੀ ਤੀਰਥ ਸ਼ੇਤਰ ਟਰੱਸਟ ਨੇ ਸ਼ਰਧਾਲੂਆਂ ਲਈ ਆਨਲਾਈਨ ਪ੍ਰਸਾਦ ਲੈਣ ਦੀ ਆਨਲਾਈਨ ਸੇਵਾ ਸ਼ੁਰੂ ਕਰਨ ਤੋਂ ਇਨਕਾਰ ਕੀਤਾ ਹੈ। ਟਰੱਸਟ ਦੇ ਇਕ ਮੈਂਬਰ ਨੇ ਕਿਹਾ, "ਆਨਲਾਈਨ ਪ੍ਰਸਾਦ ਵੰਡਣ ਲਈ ਕੋਈ ਦੁਕਾਨਦਾਰ ਜਾਂ ਏਜੰਸੀ ਨਿਯੁਕਤ ਨਹੀਂ ਕੀਤੀ ਗਈ ਹੈ।"



## ਕੈਨੇਡਾ ਵੱਲੋਂ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਸੀਮਤ ਕਰਨ ਦੇ ਸੰਕੇਤ

ਸਫ਼ਾ 1 ਦੀ ਬਾਕੀ

ਹਾਲਾਂਕਿ ਉਨ੍ਹਾਂ ਕਿਹਾ ਕਿ ਕੈਨੇਡਾ ਵਿਚਲੇ ਹਾਊਸਿੰਗ ਸੰਕਟ ਲਈ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਘਟਾਉਣਾ ਹੀ ਇਕੋ-ਇਕ ਹੱਲ ਨਹੀਂ ਹੋਵੇਗਾ। ਮਿਲਰ ਨੇ ਕਿਹਾ ਜਦ ਇਮੀਗ੍ਰੇਸ਼ਨ ਟੀਚਿਆਂ ਦੀ ਗੱਲ ਆਉਂਦੀ ਹੈ ਤਾਂ ਹਾਊਸਿੰਗ ਗਿਣਤੀ-ਮਿਣਤੀ ਦਾ ਇਕ ਹਿੱਸਾ ਹੈ। ਜ਼ਿਕਰਯੋਗ ਹੈ ਕਿ ਦੇਸ਼ ਵਿਚ ਆ ਰਹੇ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ, ਫੈਡਰਲ ਸਰਕਾਰ ਦੇ ਮਕਾਨ ਉਸਾਰੀ ਬਾਰੇ ਟੀਚਿਆਂ ਤੋਂ ਵੱਧ ਹੈ। ਉਨ੍ਹਾਂ ਕਿਹਾ ਕਿ ਕੰਮਕਾਜੀ ਵਰਗ ਦੀ ਔਸਤ ਉਮਰ ਘਟਾਉਣ ਦੀ ਵੀ ਲੋੜ ਹੈ, ਇਸ 'ਤੇ ਵੀ ਵਿਚਾਰ ਕਰਨਾ ਜ਼ਰੂਰੀ ਹੈ। ਮਿਲਰ ਨੇ ਕਿਹਾ ਕਿ ਸਰਕਾਰ ਨੇ ਇਸ ਬਾਰੇ ਹਲਕਾ ਜਿਹਾ ਅੰਦਾਜ਼ਾ ਲਾਇਆ ਹੈ ਕਿ ਗਿਣਤੀ ਕਿੰਨੀ ਘਟਾਈ ਜਾ ਸਕਦੀ ਹੈ।





WE HAVE MOVED TO BIGGER & BETTER LOCATION
#208-7110-120TH ST, SURREY

ICBC
NO WIN NO FEE
WE DO HOME & HOSPITAL VISITS

*Your Lawyers, Because We Care*

- Criminal Law
- Divorce Cases
- Immigration Law
- Notary Services

Singh Thind and Associates
BARRISTERS & SOLICITORS

#208 7110 120TH ST,
SURREY, BC V3W 3M8
Tel: 604.543.3886
Toll Free 1.866.543.3886

WWW.SINGHTHINDLAW.COM



# ਸਿੱਖੀ ਵਿਚ ਮੂਰਤੀ ਪੂਜਾ ਤੇ ਪ੍ਰਾਣ ਪ੍ਰਤਿਸਠਾ ਦਾ ਕੋਈ ਸੱਕਲਪ ਨਹੀਂ

ਚੰਡੀਗੜ੍ਹ–"ਸਿੱਖਾਂ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਦਰਜ਼ ਸੰਦੇਸ਼ ਹੀ ਰਾਹ ਦਰਸਾਂਵਾ ਤੇ ਜੀਵਨ ਜਾਚ ਹੈ, ਜਿਸ ਅੰਦਰ ਮੂਰਤੀ ਪੂਜਾ ਤੇ ਮੂਰਤੀ ਅੰਦਰ ਜਾਨ ਪਾਉਣ (ਪ੍ਰਾਣ ਪ੍ਰਤਿਸ਼ਠ) ਦਾ ਕੋਈ ਸੰਕਲਪ ਹੀ ਨਹੀਂ ਹੈ ਸਗੋਂ ਇਸ ਸਬੰਧੀ ਸਖ਼ਤ ਮਨਾਹੀ ਕੀਤੀ ਹੋਈ ਹੈ।" ਇਹ ਵਿਚਾਰ ਅੱਜ ਸਿੱਖ ਵਿਚਾਰ ਮੰਚ, ਚੰਡੀਗੜ੍ਹ ਵੱਲੋਂ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੇ ਕੈਂਪਸ ਅੰਦਰ ਸ੍ਰੀ ਰਾਮ ਮੰਦਰ ਟਰਸੱਟ ਵੱਲੋਂ 22 ਜਨਵਰੀ 2024 ਨੂੰ ਅਯੁੱਧਿਆ ਵਿਖੇ ਹੋ ਰਹੇ ਸਮਾਗਮ ਵਿੱਚ ਸ਼ਾਮਿਲ ਹੋਣ ਲਈ ਤਖ਼ਤ ਸਾਹਿਬਾਨ ਤੇ ਸਿੱਖ ਸੰਸਥਾਵਾਂ ਨੂੰ ਭੇਜੇ ਗਏ ਸੱਦਾ ਪੱਤਰਾਂ ਸਬੰਧੀ ਸਿੱਖੀ ਨਜ਼ਰੀਆ ਸਪੱਸ਼ਟ ਕਰਨ ਲਈ ਸੱਦੀ ਵਿਚਾਰ ਗੋਸ਼ਟੀ ਵਿੱਚ ਉਭਰਕੇ ਆਏ। ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਉੱਘੇ ਸਿੱਖ ਚਿੰਤਕ ਤੇ ਇਤਿਹਾਸਕਾਰ ਡਾ. ਗੁਰਦਰਸ਼ਨ ਸਿੰਘ ਢਿੱਲੋਂ ਨੇ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1136 ਅੰਦਰ ਦਰਜ਼ ਸੰਦੇਸ਼ ਦੇ ਹਵਾਲੇ ਨਾਲ ਦੱਸਿਆ ਕਿ ਸਿੱਖ ਮੂਰਤੀ ਪੂਜਕ ਹੋ ਹੀ ਨਹੀਂ ਸਕਦਾ ਸਗੋਂ ਬੁੱਤ ਤੋੜਕ ਹੈ। ਉਹਨਾਂ ਕਿਹਾ ਕਿ ਗੁਰਬਾਣੀ ਨੇ ਦਰਸਾਇਆ ਹੈ ਕਿ ਸਿੱਖ ਫਲਸਫਾ ਹੱਜ ਜਾਣ ਤੇ ਤੀਰਥ ਯਾਤਰਾ ਦੀ ਹਾਮੀ ਨਹੀਂ ਭਰਦਾ ਸਗੋਂ ਹਿੰਦੂ ਤੇ ਤੁਰਕ ਨਾਲੋਂ ਨਿਖੇੜਾ ਕਰਦਿਆਂ ਦੱਸਦਾ ਹੈ ਕਿ ਗੁਰਬਾਣੀ ਨੇ ਇਹਨਾਂ ਕੋਲੋਂ ਮੁਕੰਮਲ ਕਿਨਾਰਾ ਕਰਦੇ ਕੁੱਝ ਵੀ ਲਿਆ ਨਹੀਂ। ਉਹਨਾਂ ਕਿਹਾ ਕਿ ਸਨਾਤਨ ਧਰਮ ਅੰਦਰਲੇ ਰੌਲਿਆਂ ਨਾਲ ਸਿੱਖਾਂ ਦਾ ਕੋਈ ਸਬੰਧ ਨਹੀਂ ਹੈ ਕਿਉਂਕਿ ਇਥੇ ਰੌਲਾ ਮਾਇਆ ਦਾ ਵੀ ਹੈ।

ਖ਼ਾਲਸਾ ਪੰਚਾਇਤ ਦੇ ਆਗੂ ਰਾਜਿੰਦਰ ਸਿੰਘ ਖ਼ਾਲਸਾ ਨੇ ਚਰਚਾ ਨੂੰ ਅੱਗੇ ਤੋਰਦਿਆਂ ਕਿਹਾ ਕਿ ਉਪਰੋਕਤ ਤੋਂ ਇਲਾਵਾਂ ਸਾਡੇ ਲਈ ਵੱਡੀ ਫਿਰਕਮੰਦੀ ਇਹ ਹੈ ਕਿ ਸਿੱਖਾਂ ਨੂੰ ਸਨਾਤਨੀ ਹਿੰਦੂ ਧਰਮ ਦੇ ਅੰਗ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਉਹਨਾਂ ਕਬੀਰ ਸਾਹਿਬ ਦੇ ਸਲੋਕਾਂ ਦੇ ਹਵਾਲੇ ਨਾਲ ਦੱਸਿਆ ਕਿ ਗੁਰੂ ਗ੍ਰੰਥ ਸਾਹਿਬ ਅੰਦਰ ਦਰਜ਼ ਰਾਮ ਦੇ ਹਵਾਲਿਆਂ ਨੂੰ ਰਲਗੱਡ ਕਰਕੇ ਕਣ ਕਣ ਤੇ ਘੱਟ ਘੱਟ ਅੰਦਰ ਵਸੇ ਰਾਮ ਦੇ ਸੰਕਲਪ ਨੂੰ ਦਸਰਥ ਦੇ ਪੁੱਤਰ ਵੱਜੋਂ ਮਨੁੱਖੀ ਜਾਮੇ ਵਿੱਚ ਪੈਂਦਾ ਹੋਏ ਰਾਮ ਨਾਲ ਰਲਗੱਡ ਕੀਤਾ ਜਾ ਰਿਹਾ ਹੈ। ਉਹਨਾਂ ਨੇ ਕਿਹਾ ਕਿ ਸਿੱਖ ਧਰਮ ਕਿਸੇ ਧਰਮ ਵਿੱਚੋਂ ਪੈਦਾ ਨਹੀਂ ਹੋਇਆ ਸਗੋਂ ਮਨੁੱਖਤਾ ਦੇ ਦਰਿਆਂ ਵਿੱਚੋਂ ਹੀ ਉਗਮਿਆ ਹੈ। ਇਸੇ ਲਈ ਸਾਰੇ ਧਰਮਾਂ ਨੂੰ ਮਨੁੱਖਤਾਂ ਦੇ ਬਗੀਚੇ ਅੰਦਰ ਵੱਖੋ ਵੱਖਰੀ ਹੋਂਦ ਤੇ ਰਲ ਮਿਲਕੇ ਰਹਿਣ ਦਾ ਸਿੱਖੀ ਅੰਦਰ ਸੰਦੇਸ਼ ਹੈ। ਉਹਨਾਂ ਕਿਹਾ ਕਿ ਗੁਰਦੁਆਰਾ ਸਾਹਿਬ ਅੰਦਰ ਦੀਪਮਾਲਾ ਕਰਨ ਤੇ ਰਾਮ ਰਾਮ ਉਚਾਰਨ ਲਈ ਦਬਾਅ ਪਾਉਣਾ ਔਰੰਗਜੇ ਬੀ ਪਹੁੰਚ ਹੈ। ਉਹਨਾਂ ਚਿਤਾਵਨੀ ਦਿੱਤੀ ਕਿ ਜੇ ਅਕਾਲ ਤਖਤ ਤੇ ਹੋਰਨਾਂ ਵੱਲੋਂ ਸਿੱਖੀ ਸਿਧਾਂਤ ਦੇ ਉਲਟ ਕੋਈ ਰਾਏ ਪਗਗਟ ਕੀਤੀ ਤਾਂ ਇਸ ਦਾ ਵਿਰੋਧ ਵੀ ਹੋਵੇਗਾ ਤੇ ਇਹ ਉਹਨਾਂ ਦੀ ਹੋਂਦ ਦੇ ਖਾਤਮੇ ਦਾ ਸਬੱਬ ਵੀ ਬਣ ਸਕਦਾ ਹੈ।

ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੇ ਜਨਰਲ ਸਕੱਤਰ ਡਾ. ਖੁਸ਼ਹਾਲ ਸਿੰਘ ਨੇ ਕਿਹਾ ਕਿ ਅੱਜ ਦਰਬਾਰ ਸਾਹਿਬ ਅੰਦਰ ਕਥਾ ਕਰਦਿਆਂ ਵੀ ਗੁਰੂ ਸਾਹਿਬਾਨ ਦੀ ਉਪਮਾ ਨੂੰ 22 ਜਨਵਰੀ ਦੇ ਸਮਾਗਮ ਦੀ ਮਹਾਨਤਾ ਵਜੋਂ ਦਰਸਾਇਆ ਗਿਆ ਹੈ। ਰਾਜਵਿੰਦਰ ਸਿੰਘ ਰਾਹੀ ਤੇ ਸਮਾਜਕ ਸੰਘਰਸ਼ ਪਾਰਟੀ ਦੇ ਆਗੂ ਜਸਵਿੰਦਰ ਸਿੰਘ ਨੇ ਕਿਹਾ ਕਿ ਬਾਬਰੀ ਮਸਜਿਦ ਢਾਹੁਣ ਵਾਲੇ ਕਾਫਲਿਆਂ ਅੰਦਰ ਐਸ.ਸੀ, ਐਸ.ਟੀ. ਤੇ ਪਛੜੀਆਂ ਜਮਾਤਾਂ ਦੇ ਲੋਕਾਂ ਨੂੰ ਤਾ ਜ਼ੋਰ ਸ਼ੋਰ ਨਾਲ ਸਾਮਲਿ ਕੀਤਾ ਗਿਆ ਪਰ ਹੁਣ ਟਰਸਟ ਤੇ ਪ੍ਰਬੰਧ ਅੰਦਰ ਉਹਨਾਂ ਲਈ ਕੋਈ ਥਾਂ ਨਹੀਂ ਹੈ।

ਵਿਚਾਰ ਗੋਸ਼ਟੀ ਅੰਦਰ ਡਾ. ਪਿਆਰਾ ਲਾਲ ਗਰਗ, ਬ੍ਰਿਗੇਡੀਅਰ ਕੁਲਦੀਪ ਸਿੰਘ ਕਾਹਲੋਂ, ਡਾ. ਗੁਰਚਰਨ ਸਿੰਘ ਗੁਰੂ ਨਾਨਕ ਫਾਉਂਡੇਸ਼ਨ, ਸੁਰਿੰਦਰ ਸਿੰਘ ਕਿਸ਼ਨਪੁਰਾ ਤੇ ਮਾਲਵਿੰਦਰ ਸਿੰਘ ਮਾਲੀ ਨੇ ਵੀ ਸੰਬੋਧਤ ਕੀਤਾ। ਗੁਰਪ੍ਰੀਤ ਸਿੰਘ ਮੈਂਬਰ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਨੇ ਮੰਚ ਸੰਚਾਲਨ ਦੀ ਜ਼ਿੰਮੇਵਾਰੀ ਨਿਭਾਈ।

# 'ਸ਼ੇਰੇ ਪੰਜਾਬ' ਰੇਡੀਓ ਦੇ ਸੰਸਥਾਪਕ ਅਜੀਤ ਸਿੰਘ ਬਾਧ ਦਾ ਸਦੀਵੀ ਵਿਛੋੜਾ


ਸਰੀ (ਹਰਦਮ ਮਾਨ)–ਕੈਨੇਡਾ ਵਿੱਚ ਪੰਜਾਬੀ ਮੀਡੀਆ ਦੇ ਸਿਰਮੌਰ ਤੇ ਸ਼ੇਰੇ ਪੰਜਾਬ ਰੇਡੀਓ ਦੇ ਸੰਸਥਾਪਕ ਅਜੀਤ ਸਿੰਘ ਬਾਅਦ ਇੱਕ ਲੰਬੀ ਬਿਮਾਰੀ ਤੋਂ ਬਾਅਦ ਲੋਹੜੀ ਵਾਲੇ ਦਿਨ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਦਾ ਜਨਮ 1 ਅਕਤੂਬਰ 1936 ਨੂੰ ਫਗਵਾੜੇ ਦੇ ਲਾਗਲੇ ਪਿੰਡ ਬਾਧ ਵਿਚ ਹੋਇਆ। ਉਹ ਸਿਰਫ ਕੈਨੇਡਾ ਵਿੱਚ ਹੀ ਨਹੀਂ ਬਲਕਿ ਭਾਰਤ, ਪਾਕਿਸਤਾਨ ਦੇ ਲਹਿੰਦੇ ਪੰਜਾਬ ਸਮੇਤ ਹੋਰਨਾਂ ਕਈ ਮੁਲਕਾਂ ਵਿੱਚ ਕਿਸੇ ਵੀ ਪਛਾਣ ਦੇ ਮੁਹਤਾਜ ਨਹੀਂ ਰਹੇ। ਸਿਰਫ ਮੀਡੀਆ ਖੇਤਰ ਵਿੱਚ ਹੀ ਨਹੀਂ ਸਗੋ ਰਾਜਨੀਤੀ, ਧਰਮ ਤੇ ਸਮਾਜਿਕ ਖੇਤਰ ਵਿਚ ਵੀ ਸਮੇਂ ਸਮੇਂ ਤੇ ਉਹ ਆਪਣੀ ਅਲੱਗ ਪਹਿਚਾਣ ਛੱਡਦੇ ਰਹੇ। ਉਨ੍ਹਾਂ ਵਿਚ ਸਿਆਸਤ ਦੇ ਨਾਲ ਨਾਲ ਪੰਥ ਦੀ ਸੇਵਾ ਦਾ ਜਜ਼ਬਾ ਸੀ। ਸ਼ਰੋਮਣੀ ਅਕਾਲੀ ਦਲ ਨਾਲ ਜੁੜ ਕੇ ਉਹਨਾਂ ਨੇ ਪੰਜਾਬ ਤੇ ਪੰਥ ਦੇ ਮਸਲਿਆਂ ਤੇ ਹਮੇਸ਼ਾ ਆਪਣੀ ਆਵਾਜ਼ ਬੁਲੰਦ ਰੱਖੀ। 33 ਸਾਲ ਦੀ ਉਮਰ ਵਿੱਚ ਉਹ ਕੈਨੇਡਾ ਆ ਗਏ। ਉਹ ਬੀਸੀ ਦੇ ਸ਼ਹਿਰ ਮੈਰਿਟ ਵਿਚ ਲੰਮਾਂ ਸਮਾਂ ਰਹੇ ਜਿਥੇ ਲੰਬਰ ਇੰਡਸਟਰੀ ਵਿੱਚ ਮਿਹਨਤ ਕੀਤੀ। ਉੱਥੇ ਹੀ ਸਮੇਂ ਸਮੇਂ ਤੇ ਗੁਰਦੁਆਰਿਆਂ ਦੀ ਸੇਵਾ ਸੰਭਾਲ ਵਿੱਚ ਵੀ ਆਪਣਾ ਯੋਗਦਾਨ ਪਾਉਂਦੇ ਰਹੇ। ਪੰਜਾਬੀ ਭਾਈਚਾਰੇ ਦੀਆਂ ਸਮੱਸਿਆਵਾਂ ਨੂੰ ਉਹਨਾਂ ਨੇ ਨੇੜਿਓਂ ਵੇਖਿਆ ਤਾਂ ਉਹਨਾਂ ਸਮੱਸਿਆਵਾਂ ਦੇ ਹੱਲ ਲਈ ਉਹਨਾਂ ਕਈ ਉਪਰਾਲੇ ਕੀਤੇ। ਉਹਨਾਂ ਕਈ ਦਹਾਕੇ ਪਹਿਲਾਂ ਇੰਡੋ ਕਨੇਡੀਅਨ ਭਾਈਚਾਰੇ ਦਾ ਪਹਿਲਾ ਪੰਥਕ ਮੈਗਜ਼ੀਨ 'ਸਿੱਖ ਸਮਾਚਾਰ' ਸ਼ੁਰੂ ਕੀਤਾ। ਉਨ੍ਹਾਂ ਵੱਲੋਂ ਪੰਜਾਬੀ ਕਮਿਊਨਿਟੀ ਦਾ ਪਹਿਲਾ ਰੇਡੀਓ ਸਟੇਸ਼ਨ 'ਸ਼ੇਰੇ-ਪੰਜਾਬ' ਖੋਲ੍ਹਿਆ ਗਿਆ। ਉਹਨਾਂ ਦੀ ਹਮੇਸ਼ਾ ਸੋਚ ਰਹੀ ਕਿ ਅਸੀਂ ਸਮਾਜ ਨੂੰ ਕਿਵੇਂ ਜੋੜ ਸਕਦੇ ਹਾਂ। ਕੈਨੇਡਾ ਦੇ ਪੰਜਾਬੀ ਭਾਈਚਾਰੇ ਵੱਲੋਂ ਉਨ੍ਹਾਂ ਦੀ ਅਕਾਲ ਚਲਾਣੇ ਉੱਪਰ ਡੂੰਘਾ ਦੁੱਖ ਪ੍ਰਗਟ ਕੀਤਾ ਜਾ ਰਿਹਾ ਹੈ।





# ਟੈਕਸਾਸ 'ਚ ਨੌਜਵਾਨ ਨੇ ਆਪਣੀ 8 ਸਾਲਾ ਭਤੀਜੀ ਸਮੇਤ ਚਾਰ ਲੋਕਾਂ ਨੂੰ ਮਾਰੀ ਗੋਲੀ, ਫਿਰ ਕੀਤੀ ਖੁਦਕੁਸ਼ੀ

ਟੈਕਸਾਸ-ਹਿਊਸਟਨ ਦੇ ਉਪਨਗਰ ਤੋਂ ਇਕ ਦਿਲ ਦਹਿਲਾ ਦੇਣ ਵਾਲਾ ਮਾਮਲਾ ਸਾਹਮਣੇ ਆਇਆ ਹੈ। ਅਧਿਕਾਰੀਆਂ ਨੇ ਬੁੱਧਵਾਰ ਨੂੰ ਦੱਸਿਆ ਕਿ ਇੱਕ ਵਿਅਕਤੀ ਨੇ ਆਪਣੀ ਅੱਠ ਸਾਲ ਦੀ ਭਤੀਜੀ ਸਮੇਤ ਆਪਣੀ ਦੂਰ ਰਹਿ ਗਈ ਪਤਨੀ ਅਤੇ ਤਿੰਨ ਹੋਰ ਰਿਸ਼ਤੇਦਾਰਾਂ ਨੂੰ ਗੋਲੀ ਮਾਰ ਦਿੱਤੀ। ਇਸ ਤੋਂ ਬਾਅਦ ਉਸ ਨੇ ਖੁਦ ਨੂੰ ਵੀ ਗੋਲੀ ਮਾਰ ਲਈ। ਫੋਰਟ ਬੇਂਡ ਕਾਉਂਟੀ ਦੇ ਸ਼ੈਰਿਫ ਐਰਿਕ ਫੈਗਨ ਨੇ ਇਕ ਨਿਊਜ਼ ਕਾਨਫਰੰਸ ਨੂੰ ਦੱਸਿਆ ਕਿ 46 ਸਾਲਾ ਐਲਰਿਕ ਸ਼ੌਨ ਬੈਰੇਟ ਨੇ ਸ਼ਨੀਵਾਰ ਸਵੇਰੇ 7 ਵਜੇ ਤੋਂ ਪਹਿਲਾਂ ਘਰ 'ਤੇ ਗੋਲੀਬਾਰੀ ਕੀਤੀ। ਫੈਗਨ ਨੇ ਕਿਹਾ ਕਿ ਘਰ ਪਹੁੰਚਣ ਤੋਂ ਬਾਅਦ, ਬੈਰੇਟ ਨੇ ਆਪਣੀ ਵਿਛੜੀ ਪਤਨੀ ਨੂੰ ਕਿਹਾ ਕਿ ਉਹ ਦੁਬਾਰਾ ਮਿਲਣਾ ਚਾਹੁੰਦਾ ਹੈ, ਪਰ ਉਸਨੇ ਇਨਕਾਰ ਕਰ ਦਿੱਤਾ। ਫੈਗਨ ਨੇ ਕਿਹਾ ਕਿ ਘਰ ਵਿੱਚੋਂ ਇੱਕ 13 ਸਾਲ ਦੇ ਲੜਕੇ ਦੁਆਰਾ ਇੱਕ ਕਾਲ ਪ੍ਰਾਪਤ ਕਰਨ ਤੋਂ ਬਾਅਦ ਅਧਿਕਾਰੀਆਂਨ ਨੇ ਕਾਰਵਾਈ ਕੀਤੀ। ਸ਼ੈਰਿਫ ਦੇ ਦਫਤਰ ਨੇ ਕਿਹਾ ਕਿ ਨੌਜਵਾਨ ਬੈਰੇਟ ਦਾ ਭਤੀਜਾ ਹੈ। ਸ਼ੈਰਿਫ ਦੇ ਦਫਤਰ ਨੇ ਕਿਹਾ ਕਿ 13 ਸਾਲਾ ਅਤੇ ਬੈਰੇਟ ਦਾ 7 ਸਾਲ ਦਾ ਬੱਚਾ ਗੋਲੀਬਾਰੀ ਦੌਰਾਨ ਲੁਕਿਆ ਹੋਇਆ ਸੀ, ਇਸ ਲਈ ਉਨ੍ਹਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਿਆ। ਬੈਰੇਟ ਦੀ ਵਿਛੜੀ ਪਤਨੀ ਦੀ ਮਾਂ ਵੀ ਘਰ ਵਿੱਚ ਸੀ ਅਤੇ ਉਸ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ ਗਿਆ। ਸ਼ੈਰਿਫ ਦੇ ਦਫਤਰ ਅਨੁਸਾਰ, ਆਪਣੀ ਭਤੀਜੀ ਅਤੇ 44 ਸਾਲਾ ਪਤਨੀ ਨੂੰ ਮਾਰਨ ਤੋਂ ਇਲਾਵਾ, ਬੈਰੇਟ ਨੇ ਆਪਣੇ 43 ਸਾਲਾ ਭਰਾ ਅਤੇ 46 ਸਾਲਾ ਭੈਣ ਨੂੰ ਵੀ ਮਾਰ ਦਿੱਤਾ। ਉਨ੍ਹਾਂ ਕਿਹਾ ਕਿ ਉਹ ਮਾਰੇ ਗਏ ਲੋਕਾਂ ਦੇ ਨਾਂ ਤੁਰੰਤ ਜਾਰੀ ਨਹੀਂ ਕਰ ਰਹੇ ਹਨ।



# .ਗ਼ਜ਼ਲ ਮੰਚ ਸਰੀ ਵੱਲੋਂ ਕੁਲਵਿੰਦਰ ਖਹਿਰਾ ਦੀ ਪੁਸਤਕ 'ਹਨੇਰੇ ਦੀ ਤਲੀ ਤੇ' ਰਿਲੀਜ਼

ਸਰੀ (ਹਰਦਮ ਮਾਨ)-ਗ਼ਜ਼ਲ ਮੰਚ ਸਰੀ ਦੀ ਸਾਲ 2024 ਦੀ ਪਹਿਲੀ ਮੀਟਿੰਗ ਮੰਚ ਦੇ ਪ੍ਰਧਾਨ ਅਤੇ ਨਾਮਵਰ ਸ਼ਾਇਰ ਜਸਵਿੰਦਰ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਬੀਤੇ ਸਾਲ ਮੰਚ ਵੱਲੋਂ ਕੀਤੀਆਂ ਗਈਆਂ ਸਰਗਰਮੀਆਂ ਦਾ ਲੇਖਾ ਜੋਖਾ ਕੀਤਾ ਗਿਆ। ਮੰਚ ਦੇ ਜਨਰਲ ਸਕੱਤਰ ਦਵਿੰਦਰ ਗੌਤਮ ਨੇ ਪਿਛਲੇ ਸਾਲ ਮੰਚ ਵੱਲੋਂ ਕਰਵਾਏ ਗਏ ਸਾਹਿਤਕ ਪ੍ਰੋਗਰਾਮਾਂ ਉੱਪਰ ਤਸੱਲੀ ਪ੍ਰਗਟ ਕਰਦਿਆਂ ਕਿਹਾ ਕਿ ਇਹ ਖ਼ੁਸ਼ੀ ਦੀ ਗੱਲ ਹੈ ਕਿ ਪਿਛਲੇ ਸਾਲ ਮੰਚ ਨੇ ਆਪਣੇ ਪ੍ਰੋਗਰਾਮਾਂ ਰਾਹੀਂ ਬਹੁਤ ਸਾਰੇ ਨਵੇਂ ਸਾਹਿਤਕ ਪਾਠਕਾਂ ਅਤੇ ਸਰੋਤਿਆਂ ਨੂੰ ਆਪਣੇ ਨਾਲ ਜੋੜਨ ਦਾ ਕਾਰਜ ਕੀਤਾ ਹੈ। ਉਹਨਾਂ ਦੱਸਿਆ ਕਿ ਪਿਛਲੇ ਸਾਲ ਦੌਰਾਨ ਵੱਖ ਵੱਖ ਸਮਾਗਮਾਂ ਰਾਹੀਂ ਮੰਚ ਦੇ ਸ਼ਾਇਰ ਕ੍ਰਿਸ਼ਨ ਭਨੋਟ, ਰਾਜਵੰਤ ਰਾਜ, ਦਵਿੰਦਰ ਗੌਤਮ ਅਤੇ ਪਾਲ ਢਿੱਲੋਂ ਦੀਆਂ ਪੁਸਤਕਾਂ ਲੋਕ ਅਰਪਣ ਕੀਤੀਆਂ ਗਈਆਂ ਅਤੇ ਬਾਹਰੋਂ ਆਏ ਮਹਿਮਾਨ ਲੇਖਕਾਂ ਨਾਲ ਵਿਸ਼ੇਸ਼ ਪ੍ਰੋਗਰਾਮ ਰਚਾਏ ਗਏ। ਮੰਚ ਵੱਲੋਂ ਪੁਸਤਕਾਂ ਪ੍ਰਕਾਸ਼ਿਤ ਕਰਨ ਦਾ ਕਾਰਜ ਵੀ ਸ਼ੁਰੂ ਕੀਤਾ ਗਿਆ। ਉਹਨਾਂ ਕਿਹਾ ਕਿ ਮੰਚ ਵੱਲੋਂ ਅਜਿਹੀਆਂ ਸਰਗਰਮੀਆਂ ਅਤੇ ਪ੍ਰੋਗਰਾਮ ਇਸ ਸਾਲ ਵੀ ਜਾਰੀ ਰੱਖੇ ਜਾਣਗੇ। ਇਸ ਮੌਕੇ ਬੋਲਦਿਆਂ ਸ਼ਾਇਰ ਰਾਜਵੰਤ ਰਾਜ ਨੇ ਦੱਸਿਆ ਕਿ ਗ਼ਜ਼ਲ ਮੰਚ ਸਰੀ ਦੀ ਵੈਬਸਾਈਟ ਬਣਾਈ ਗਈ ਹੈ ਅਤੇ ਇਹ ਵੈਬਸਾਈਟ 28 ਜਨਵਰੀ ਨੂੰ ਸਿਟੀ ਸੈਂਟਰ ਲਾਇਬਰੇਰੀ ਸਰੀ ਵਿਖੇ ਰਿਲੀਜ਼ ਕੀਤੀ ਜਾਵੇਗੀ। ਮੀਟਿੰਗ ਦੌਰਾਨ ਟੋਰਾਂਟੋ ਦੇ ਸ਼ਾਇਰ ਕੁਲਵਿੰਦਰ ਖਹਿਰਾ ਦੀ ਗਜ਼ਲਾਂ ਦੀ ਪੁਸਤਕ 'ਹਨੇਰੇ ਦੀ ਤਲੀ ਤੇ' ਰਿਲੀਜ਼ ਕੀਤੀ ਗਈ। ਇਸ ਮੀਟਿੰਗ ਵਿੱਚ ਕ੍ਰਿਸ਼ਨ ਭਨੋਟ, ਦਸ਼ਮੇਸ਼ ਗਿੱਲ ਫਿਰੋਜ਼, ਹਰਦਮ ਸਿੰਘ ਮਾਨ, ਪ੍ਰੀਤ ਮਨਪ੍ਰੀਤ ਅਤੇ ਰਣਦੀਪ ਖਹਿਰਾ ਵੀ ਸ਼ਾਮਲ ਸਨ।

# ਈਰਾਨ ਨੇ ਪਾਕਿਸਤਾਨ 'ਚ ਦਾਖਲ ਹੋ ਕੇ ਕੀਤੀ ਕਾਰਵਾਈ, ਅੱਤਵਾਦੀ ਟਿਕਾਣਿਆਂ ਨੂੰ ਉਡਾਇਆ

ਇਸਲਾਮਾਬਾਦ-ਈਰਾਨ ਦੀ ਫੌਜ ਨੇ ਮੰਗਲਵਾਰ ਨੂੰ ਪਾਕਿਸਤਾਨ ਵਿਚ ਬਲੋਚ ਅੱਤਵਾਦੀ ਸਮੂਹ ਜੈਸ਼ ਅਲ-ਅਦਲ ਦੇ ਦੋ ਵੱਡੇ ਟਿਕਾਣਿਆਂ 'ਤੇ ਹਵਾਈ ਹਮਲੇ ਕੀਤੇ। ਇਰਾਕ ਅਤੇ ਸੀਰੀਆ ਵਿਚ ਹਵਾਈ ਹਮਲਿਆਂ ਤੋਂ ਇਕ ਦਿਨ ਬਾਅਦ ਈਰਾਨ ਦੇ ਰੈਵੋਲਿਊਸ਼ਨਰੀ ਗਾਰਡਜ਼ ਨੇ ਪਾਕਿਸਤਾਨ ਵਿਚ ਦਾਖਲ ਹੋ ਕੇ ਹਵਾਈ ਹਮਲੇ ਕੀਤੇ। ਈਰਾਨ ਦੇ ਸਰਕਾਰੀ ਮੀਡੀਆ ਨੇ ਦੱਸਿਆ ਕਿ ਬਲੋਚ ਅੱਤਵਾਦੀ ਸਮੂਹ ਦੇ ਦੋ ਪ੍ਰਮੁੱਖ ਹੈੱਡਕੁਆਰਟਰ (ਬੇਸ) 'ਤੇ ਮਿਜ਼ਾਈਲਾਂ ਅਤੇ ਡਰੋਨਾਂ ਨਾਲ ਹਮਲਾ ਕੀਤਾ ਗਿਆ ਅਤੇ ਤਬਾਹ ਕਰ ਦਿੱਤਾ ਗਿਆ। ਮੀਡੀਆ ਰਿਪੋਰਟਾਂ ਮੁਤਾਬਕ ਈਰਾਨੀ ਫੌਜ ਨੇ ਪਾਕਿਸਤਾਨ ਦੇ ਬਲੋਚਿਸਤਾਨ ਸੂਬੇ ਦੇ ਉਸ ਇਲਾਕੇ 'ਤੇ ਹਮਲਾ ਕੀਤਾ, ਜਿੱਥੇ ਜੈਸ਼-ਅਲ-ਅਦਲ ਦਾ ਸਭ ਤੋਂ ਵੱਡਾ ਹੈੱਡਕੁਆਰਟਰ ਸੀ। ਪਾਕਿਸਤਾਨ ਨੇ ਦਾਅਵਾ ਕੀਤਾ ਹੈ ਕਿ ਈਰਾਨ ਦੇ ਬਿਨਾਂ ਭੜਕਾਹਟ ਦੇ ਹਮਲੇ 'ਚ ਦੋ ਮਾਸੂਮ ਬੱਚੇ ਮਾਰੇ ਗਏ, ਜਦਕਿ ਤਿੰਨ ਲੜਕੀਆਂ ਜ਼ਖਮੀ ਹੋ ਗਈਆਂ। ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਨੇ ਹਮਲਿਆਂ ਦੀ ਸਖ਼ਤ ਨਿੰਦਾ ਕਰਦੇ ਹੋਏ ਇੱਕ ਬਿਆਨ ਵਿੱਚ ਕਿਹਾ ਕਿ ਪਾਕਿਸਤਾਨ ਈਰਾਨ ਦੁਆਰਾ ਆਪਣੇ ਹਵਾਈ ਖੇਤਰ ਦੀ ਉਲੰਘਣਾ ਦੀ ਸਖ਼ਤ ਨਿੰਦਾ ਕਰਦਾ ਹੈ, ਜਿਸ ਵਿੱਚ ਦੋ ਮਾਸੂਮ ਬੱਚੇ ਮਾਰੇ ਗਏ ਸਨ, ਜਦੋਂ ਕਿ ਤਿੰਨ ਲੜਕੀਆਂ ਜ਼ਖਮੀ ਹੋ ਗਈਆਂ ਸਨ। ਬਿਆਨ ਵਿਚ ਕਿਹਾ ਗਿਆ ਹੈ ਕਿ ਇਹ ਪਾਕਿਸਤਾਨ ਦੀ ਪ੍ਰਭੂਸੱਤਾ ਦੀ ਉਲੰਘਣਾ ਹੈ, ਜੋ ਪੂਰੀ ਤਰ੍ਹਾਂ ਅਸਵੀਕਾਰਨਯੋਗ ਹੈ ਅਤੇ ਇਸ ਦੇ ਗੰਭੀਰ ਨਤੀਜੇ ਨਿਕਲ ਸਕਦੇ ਹਨ।







mortgages lab
ਕਿਸੇ ਵੀ ਤਰ੍ਹਾਂ ਦੀ ਮੌਰਗੇਜ
ਲੈਣ ਲਈ ਸੰਪਰਕ ਕਰੋ
Rate hold from 6 months to 1 year
Get Preapproval In 2 Hours
• ਪਹਿਲੀ ਵਾਰ ਘਰ ਖਰੀਦੋ ਦੇ 5% down purchase ਨਾਲ
• ਖਰੀਦਣਾ, ਰਿਫਾਇਨਾਂਸ ਅਤੇ ਸਵਿੱਚ
• ਰੈਜ਼ੀਡੈਂਸ਼ਿਅਲ, ਕਮਰਸ਼ਿਅਲ ਅਤੇ ਲੈਂਡ ਮੌਰਗੇਜ
HARPREET SINGH
Mortgage Broker
Ph: 778.558.9745
harpreetfunding@gmail.com
@harpreetfunding
@HARPREETFUNDING
Licensed professional mortgage broker


NOW OPEN
Sachkhand Travels Pvt Ltd
AIR TICKETS
HOLIDAY PACKAGES
FOREIGN EXCHANGE
NOW OPENED IN SURREY
27 Years INDUSTRY EXPERIENCE
SUITE 343, 9850 KING GEORGE
SURREY, BC, CANADA
Email : jaideep@sachkhandtravels.com
EXCLUSIVE DISCOUNTS FOR FLIGHTS
Sachkhand Travels Pvt Ltd
India 2 Offices: +91 11 4505 2828
Mob.: +91- 98116 97488
Sachkhand Travels Ltd
Canada: +1 778 965 2828
+1 778 955 2828
CONSUMER PROTECTION BC
IATA
Since 1997 India


ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
8Lt
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786

THANK YOU FOR MAKING US

2022

Outstanding Achievement

National TOP 20%

PRIVATE MORTGAGES

No Worries... We Can Help!

Easily available Private Mortgage could be just what you need.

★ Up to $5 million available

★ $10,000 to $1 million in just 24 Hours

★ Residential Mortgages
★ Commercial Mortgages
★ Construction Mortgages
★ New Immigrants
★ Second Mortgages
★ First Time Home Buyers



Call today to get started

SANJEEV KATYAL

604.767.5194

info@katyalmortgage.ca

invis
Canada's Mortgage Experts™

MORTGAGE INTELLIGENCE®

WWW.KATYALMORTGAGE.CA

# ਯੂਕੇ ਦੇ ਕੌਂਸਲ ਜਨਰਲ ਪਿਕਸ ਸੋਸਾਇਟੀ ਸਰੀ ਦੀਆਂ ਸੇਵਾਵਾਂ ਤੋਂ ਬੇਹੱਦ ਪ੍ਰਭਾਵਿਤ ਹੋਏ

ਸਰੀ (ਹਰਦਮ ਮਾਨ)-ਬੀਤੇ ਦਿਨੀਂ ਯੂਕੇ ਦੇ ਵੈਨਕੂਵਰ ਸਥਿਤ ਕੌਂਸਲ ਜਨਰਲ ਸ੍ਰੀ ਥਾਮਸ ਕੋਡਰਿੰਗਟਨ ਅਤੇ ਟੋਰਾਂਟੋ ਸਥਿਤ ਕੌਂਸਲ




ਜਨਰਲ ਸ਼੍ਰੀਮਤੀ ਫੌਜੀਆ ਯੂਨਿਸ, ਪ੍ਰੋਗਰੈਸਿਵ ਇੰਟਰਕਲਚਰਲ ਕਮਿਊਨਿਟੀ ਸਰਵਿਸ (ਪਿਕਸ) ਸੋਸਾਇਟੀ ਦੇ ਮੁੱਖ ਦਫਤਰ ਸਰੀ ਵਿਖੇ ਪਹੁੰਚੇ। ਉਹਨਾਂ ਦੇ ਨਾਲ ਸਰੀ ਦੇ ਐਮਐਲਏ ਜਗਰੂਪ ਬਰਾੜ ਵੀ ਸਨ। ਪਿਕਸ ਦੇ ਸੀਈਓ ਸਤਬੀਰ ਚੀਮਾ ਨੇ ਤਿੰਨਾਂ ਸ਼ਖਸੀਅਤਾਂ ਦਾ ਭਰਵਾਂ ਸਵਾਗਤ ਕੀਤਾ। ਇਹਨਾਂ ਤਿੰਨਾਂ ਸ਼ਖਸ਼ੀਅਤਾਂ ਨੇ ਪਿਕਸ ਦੇ ਮੁੱਖ ਦਫਤਰ ਤੋਂ ਇਲਾਵਾ ਪਿਕਸ ਅਸਿਸਟਡ ਲਿਵਿੰਗ ਹੋਮ ਵਿਖੇ ਦਿੱਤੀਆਂ ਜਾ ਰਹੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ। ਸ਼੍ਰੀਮਤੀ ਫੌਜੀਆ ਯੂਨਿਸ ਨੇ ਪਿਕਸ ਦੇ ਕੰਮਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪਿਕਸ ਤੇ ਆ ਕੇ ਮੈਨੂੰ ਇਉਂ ਮਹਿਸੂਸ ਹੋ ਰਿਹਾ ਹੈ ਜਿਵੇਂ ਮੈਂ ਆਪਣੇ ਘਰ ਵਾਪਸ ਆ ਗਈ ਹੋਵਾਂ। ਉਨ੍ਹਾਂ ਕਿਹਾ ਕਿ ਕਿੰਨਾ ਪ੍ਰਭਾਵਸ਼ਾਲੀ ਸਫਰ ਹੈ ਕਿ ਪਿਕਸ ਦੀ 1987 ਵਿੱਚ ਸਿਰਫ 80 ਡਾਲਰ ਤੋਂ ਸ਼ੁਰੂ ਹੋਈ ਯਾਤਰਾ ਅੱਜ ਲਗਭਗ 24 ਮਿਲੀਅਨ ਡਾਲਰ ਤੱਕ ਪਹੁੰਚ ਚੁੱਕੀ ਹੈ। ਮਿਸਟਰ ਥਾਮਸ ਕੋਡਰਿੰਗਟਨ ਨੇ ਸਰੀ ਅਤੇ ਯੂਕੇ ਵਿਚਾਲੇ ਸਬੰਧਾਂ ਦੀ ਮਹੱਤਤਾ ਤੇ ਜ਼ੋਰ ਦਿੰਦਿਆਂ ਕਿਹਾ ਕਿ ਪਿਕਸ ਕਮਿਊਨਿਟੀ ਵੱਲੋਂ ਇਸ ਦਿਸ਼ਾ ਵਿੱਚ ਬਹੁਤ ਹੀ ਸ਼ਲਾਘਾਯੋਗ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਉਹਨਾਂ ਕਿਹਾ ਕਿ ਸਰੀ ਅਤੇ ਯੂਕੇ ਦੇ ਲੋਕਾਂ ਦੇ ਆਪਸੀ ਸੰਬੰਧ ਉਨ੍ਹਾਂ ਲਈ ਖੁਸ਼ੀ ਦਾ ਸਬੱਬ ਹਨ। ਕਮਿਊਨਿਟੀ ਨੂੰ ਇਸ ਤਰ੍ਹਾਂ ਇਕੱਠੇ ਹੋ ਕੇ ਇੱਕ ਦੂਜੇ ਲਈ ਸਹਿਯੋਗ ਕਰਨਾ ਇਕ ਬਹੁਤ ਹੀ ਵਧੀਆ ਕਾਰਜ ਹੈ। ਇਸ ਨਾਲ ਭਾਈਚਾਰਕ ਅਤੇ ਸਹਿਯੋਗ ਦੀ ਭਾਵਨਾ ਮਜ਼ਬੂਤ ਹੁੰਦੀ ਹੈ ਅਤੇ ਇੱਕ ਦੂਜੇ ਨਾਲ ਮੇਲਜੋਲ ਕਨੇਡੀਅਨ ਜੀਵਨ ਦਾ ਵੱਧ ਤੋਂ ਵੱਧ ਲਾਭ ਉਠਾਉਣ ਵਿੱਚ ਮਦਦਗਾਰ ਬਣਦਾ ਹੈ। ਪਿਕਸ ਦੇ ਮੁੱਖ ਦਫਤਰ ਵਿਚ ਦਿੱਤੀਆਂ ਜਾ ਰਹੀਆਂ ਸੇਵਾਵਾਂ ਦੀ ਜਾਣਕਾਰੀ ਹਾਸਲ ਕਰਨ ਉਪਰੰਤ ਇਹ ਤਿੰਨੇ ਮਹਿਮਾਨ ਪਿਕਸ ਵੱਲੋਂ ਚਲਾਏ ਜਾ ਰਹੇ ਅਸਿਸਟਡ ਲਿਵਿੰਗ ਹੋਮ ਵਿਖੇ ਵੀ ਗਏ ਅਤੇ ਉਥੇ ਪਿਕਸ ਸੋਸਾਇਟੀ ਵੱਲੋਂ ਪ੍ਰਦਾਨ ਕੀਤੀਆਂ ਜਾ ਰਹੀਆਂ ਸੇਵਾਵਾਂ ਦੇਖ ਕੇ ਬਹੁਤ ਖੁਸ਼ ਹੋਏ। ਪਿਛਲੇ ਸਾਲਾਂ ਦੌਰਾਨ ਪਿਕਸ ਵੱਲੋਂ ਕੀਤੇ ਵਿਕਾਸ ਅਤੇ ਪਿਕਸ ਸੁਸਾਇਟੀ ਵੱਲੋਂ ਕਮਿਊਨਿਟੀ ਦੀ ਸੇਵਾ ਲਈ ਸਮਰਪਿਤ ਭਾਵਨਾ ਨੇ ਦੋਹਾਂ ਕੌਂਸਲ ਜਨਰਲ ਬਹੁਤ ਪ੍ਰਭਾਵਿਤ ਕੀਤਾ।

WORLD FAMOUS ASTROLOGER & SPIRITUAL HEALER
PANDITH: LAKSHAMI KANTH SAWAMI JI
CAN PREDICT PAST, PRESENT & FUTURE
GOD GIFTED & 35 YEARS EXPERIENCE IN CANADA
SPECIALIZED IN BRINGING LOVED ONES BACK
IF YOU HAVE PROBLEMS, I HAVE SOLUTIONS

All Religions are Welcome

- HEALTH
- MARRIAGE
- LOVE
- HUSBAND & WIFE
- RELATIONSHIPS
- CHILDREN MISTAKES
- EDUCATION
- DIVORCE
- LUCK
- ENEMIES
- FAMILY MATTERS
- FINANCE/BUSINESS
- REMOVAL OF OBIYA
- VOODU, EVIL SPIRITS
- MOTHER KATERY
- COURT & POLITICS
- SEXUAL PROBLEMS
- BIRTH STONES
- DRINKING PROBLEM, ETC

OLD CLIENTS ARE WELCOME
HOPE IS LIFE:
100% REMOVAL OF BLACK MAGIC, BAD LUCK, EVIL SPRITS & GIVE HOLY SPIRIT PROTECTION
PRIVATE & CONFIDENTIAL | 100% GUARANTEED RESULTS
ALL KIND OF BLACK MAGIC CAN BE REMOVED, CALL FOR AN APPOINTMENT
604-902-8669 7996-119 ST DELTA BC

# ਮੈਕਰੋਨ ਨੇ ਜ਼ੇਲੇਨਸਕੀ ਨੂੰ ਦਿੱਤਾ ਸਹਾਰਾ, ਫਰਾਂਸ ਕਰੇਗਾ ਯੂਕਰੇਨ ਨੂੰ ਮਿਜ਼ਾਈਲਾਂ ਅਤੇ ਬੰਬਾਂ ਦੀ ਸਪਲਾਈ

ਪੈਰਿਸ-ਰੂਸ-ਯੂਕਰੇਨ ਜੰਗ ਨੂੰ ਦੋ ਸਾਲ ਹੋ ਗਏ ਹਨ। ਹੁਣ ਯੂਕਰੇਨ ਲਈ ਰੂਸ ਨਾਲ ਜੰਗ ਲੜਨਾ ਆਸਾਨ ਨਹੀਂ ਰਿਹਾ। ਯੂਰਪੀਅਨ ਦਾਨੀਆਂ ਅਤੇ ਨਾਟੋ ਦੇਸ਼ਾਂ ਨੇ ਜ਼ੇਲੇਨਸਕੀ ਦੀ ਮਦਦ ਕਰਨ ਵਿੱਚ ਲਗਭਗ ਅਸਮਰੱਥਾ ਪ੍ਰਗਟ ਕੀਤੀ ਹੈ। ਅਮਰੀਕਾ ਨੇ ਯੂਕਰੇਨ ਨੂੰ ਆਖਰੀ ਮਦਦ ਵੀ ਦਿੱਤੀ ਹੈ। ਅਜਿਹੇ 'ਚ ਜ਼ੇਲੇਂਸਕੀ ਨੂੰ ਹੁਣ ਹਾਰ ਦਾ ਡਰ ਸਤਾ ਰਿਹਾ ਹੈ। ਇਸ ਲਈ ਜ਼ੇਲੇਂਸਕੀ ਈਰਾਨ ਅਤੇ ਫਰਾਂਸ ਅਤੇ ਨਿਊਜ਼ੀਲੈਂਡ ਵਿੱਚ ਸ਼ਰਨ ਲੈ ਰਿਹਾ ਹੈ। ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨੇ ਹਥਿਆਰਾਂ ਦੀ ਕਮੀ ਕਾਰਨ ਨਿਰਾਸ਼ ਜ਼ੇਲੇਂਸਕੀ ਨੂੰ ਵੱਡਾ ਸਮਰਥਨ ਦਿੱਤਾ ਹੈ। ਇਸ ਕਾਰਨ ਰੂਸ ਨਾਲ ਜੰਗ ਵਿੱਚ ਬਰਬਾਦ ਹੋ ਚੁੱਕੇ ਯੂਕਰੇਨ ਨੂੰ ਜੀਵਨ ਰੇਖਾ ਮਿਲ ਗਈ ਹੈ। ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨੇ ਮੰਗਲਵਾਰ ਨੂੰ ਘੋਸ਼ਣਾ ਕੀਤੀ ਕਿ ਉਹ ਯੂਕਰੇਨ ਨੂੰ ਲੰਬੀ ਦੂਰੀ ਅਤੇ ਕਰੂਜ਼ ਮਿਜ਼ਾਈਲਾਂ ਅਤੇ ਬੰਬਾਂ ਦੀ ਸਪਲਾਈ ਕਰਨ ਦੀ ਯੋਜਨਾ 'ਤੇ ਕੰਮ ਕਰ ਰਿਹਾ ਹੈ। ਮੈਕਰੋਨ ਨੇ ਇਹ ਵੀ ਚੇਤਾਵਨੀ ਦਿੱਤੀ ਕਿ ਇਸ ਜੰਗ ਵਿੱਚ



ਰੂਸ ਦੀ ਜਿੱਤ ਵਿਸ਼ਵ ਵਿਵਸਥਾ ਨੂੰ ਕਮਜ਼ੋਰ ਕਰੇਗੀ। ਮੈਕਰੋਨ ਨੇ ਇੱਕ ਪ੍ਰੈਸ ਕਾਨਫਰੰਸ ਵਿੱਚ ਘਰੇਲੂ ਅਤੇ ਅੰਤਰਰਾਸ਼ਟਰੀ ਮੁੱਦਿਆਂ 'ਤੇ ਦੋ ਘੰਟੇ ਤੋਂ ਵੱਧ ਸਮੇਂ ਤੱਕ ਗੱਲ ਕੀਤੀ। ਫਰਾਂਸ ਯੂਕਰੇਨ ਨੂੰ ਲਗਭਗ 40 ਲੰਬੀ ਦੂਰੀ ਦੀਆਂ ਮਿਜ਼ਾਈਲਾਂ ਅਤੇ ਸੈਂਕੜੇ ਬੰਬਾਂ ਦੀ ਸਪਲਾਈ ਕਰਨ ਦੀ ਯੋਜਨਾ ਬਣਾ ਰਿਹਾ ਹੈ। ਮੈਕਰੋਨ ਨੇ ਕਿਹਾ ਕਿ ਸਾਡਾ ਦੋਸਤ ਦੇਸ਼ ਯੂਕਰੇਨ ਇਸ ਮਦਦ ਦੀ ਉਡੀਕ ਕਰ ਰਿਹਾ ਹੈ। ਇਸ ਪ੍ਰੈਸ ਕਾਨਫਰੰਸ ਵਿੱਚ ਉਨ੍ਹਾਂ ਨੇ ਵਿਸ਼ਵ ਸੰਕਟ ਨਾਲ ਨਜਿੱਠਣ ਲਈ ਫਰਾਂਸ ਨੂੰ ਮਜ਼ਬੂਤ ਅਤੇ ਬਿਹਤਰ ਢੰਗ ਨਾਲ ਤਿਆਰ ਕਰਨ ਦੀ ਵਿਆਪਕ ਯੋਜਨਾ ਬਾਰੇ ਵੀ ਦੱਸਿਆ।

OASIS WINDOWS INC.
* Quality Products * Superior Service.
Attractive, Energy Efficient And Quality Windows For Your Dream Home Or Housing Projects Or For Renovation
MEMBER BBB BC Mainland
• VINYL WINDOWS • CUSTOM MADE TO YOUR SPECIFICATIONS
• GARDEN WINDOWS • PATIO DOORS & SKYLIGHTS • FREE ESTIMATES
Lifetime Limited Warranty

"We are not satisfied until you are"
Phone: (604) 597 - 5033 Fax: (604) 597 - 5029
Tollfree: 1-800-665-2350
19025-52nd Ave., Surrey, BC
Serving Alberta, British Columbia, Washington & California Since 1989
www.oasiswindows.com

TPSG
IMMIGRATION CONSULTANCY INC.
STUDY & WORK IN CANADA
We Provide All Kinds Of Immigration Services
- LMIA • PNP
- Express Entry
- Student Visa
- Study Permit
- Work Permit
- Visitor Visa
- Family Sponsorship
- Super Visa
- Permanent Resident
- Citizenship

MOVED TO NEW LOCATION

- ਐਲ.ਐਮ ਆਈ ਏ
- ਪੀ.ਐਨ.ਪੀ
- ਐਕਸਪ੍ਰੈਸ ਐਂਟਰੀ
- ਫੈਮਲੀ ਸਪਾਂਸਰਸ਼ਿਪ
- ਵਿਜ਼ਟਰ ਵੀਜ਼ਾ
- ਸੱਟਡੀ ਪਰਮਿਟ
- ਵਰਕ ਪਰਮਿਟ
- ਸੁਪਰ ਵੀਜ਼ਾ
- ਪੀ.ਆਰ
- ਸਿਟੀਜ਼ਨਸ਼ਿਪ

ਸਟਾਰਟਅੱਪ ਵੀਜ਼ਾ ਪ੍ਰੋਗਰਾਮ (ਬਿਜ਼ਨਸ)

Office: 778-590-5906
Email: tpsgimmigration@telus.net
Website: www.tpsgimmigration.com
8132 130 St., Surrey BC, V3W 8J9
Meet the best in our team of specialist and let help you get to where you want to go.
TEJINDER GREWAL: 604-837-3101
License No. 562

# ਕੈਨੇਡਾ ਦੀ ਜੂਨੀਅਰ ਹਾਕੀ ਨੈਸ਼ਨਲ ਟੀਮ ਵਿਚ ਤਿੰਨ ਸਿੱਖ ਕੁੜੀਆਂ ਦੀ ਚੋਣ

## ਮਾਰਚ-ਅਪ੍ਰੈਲ 2024 'ਚ ਨੀਦਰਲੈਂਡ ਵਿਚ ਪੰਜਾਬੀ ਖਿਡਾਰਨਾਂ ਕੌਮਾਂਤਰੀ ਮੈਚ ਖੇਡਣਗੀਆਂ

ਐਬਟਸਫੋਰਡ-ਇਹ ਮਾਣ ਵਾਲੀ ਗੱਲ ਹੈ ਕਿ ਕੈਨੇਡਾ ਦੀ ਅੰਡਰ-17 ਕੁੜੀਆਂ ਦੀ ਜੂਨੀਅਰ ਨੈਸ਼ਨਲ ਟੀਮ ਵਿੱਚ, ਤਿੰਨ ਸਿੱਖ ਕੁੜੀਆਂ ਦੀ ਚੋਣ ਕੀਤੀ ਗਈ ਹੈ, ਜਿਨਾਂ 'ਚ ਐਬਟਸਫੋਰਡ ਦੀ ਜੰਪਲ ਪੁਨੀਤ ਕੌਰ ਲਿੱਟ, ਸਰੀ ਨਾਲ ਸੰਬੰਧਤ ਅਮਾਨਤ ਕੌਰ ਢਿੱਲੋਂ ਅਤੇ ਵੈਨਕੂਵਰ ਦੀ ਰੈਨਾ ਕੌਰ ਧਾਲੀਵਾਲ ਸ਼ਾਮਿਲ ਹਨ। ਇਹ ਟੀਮ ਵਿੱਚ ਤਿੰਨ ਪੰਜਾਬੀ ਖਿਡਾਰਨਾਂ ਦੀ ਚੋਣ 'ਤੇ ਪੰਜਾਬੀ ਭਾਈਚਾਰੇ ਸਮੇਤ ਸਮੂਹ ਕੈਨੇਡੀਅਨ ਨੇ ਮਾਣ ਮਹਿਸੂਸ ਕੀਤਾ ਹੈ। ਅਮਾਨਤ ਕੌਰ ਢਿੱਲੋਂ ਕੈਨੇਡਾ ਦੀ ਇੰਡੀਆ ਕਲੱਬ ਦੀ ਖਿਡਾਰਨ ਹੈ। ਇਸ ਤੋਂ ਇਲਾਵਾ ਰੈਨਾ ਕੌਰ ਧਾਲੀਵਾਲ ਵੈਨਕੂਵਰ ਦੇ ਪੋਲਰ ਬੀਅਰਸ ਕਲੱਬ ਨਾਲ ਸਬੰਧਿਤ ਹੈ ਅਤੇ ਪੁਨੀਤ ਕੌਰ ਲਿੱਟ ਐਬਟਸਫੋਰਡ ਦੀ ਖਿਡਾਰਨ ਹੈ। ਕੈਨੇਡਾ ਦੀ ਨੈਸ਼ਨਲ ਟੀਮ ਅੰਡਰ-17 ਦੀਆਂ ਖਿਡਾਰਨਾਂ ਮਾਰਚ ਅਪ੍ਰੈਲ 2024 'ਚ ਮੈਚ ਨੀਦਰਲੈਂਡ ਵਿੱਚ ਹਾਕੀ






ਖੇਡਣਗੀਆਂ। ਪੁਨੀਤ ਕੌਰ ਲਿੱਟ ਦੇ ਪਿਤਾ ਜਸਮੇਲ ਸਿੰਘ ਲਿੱਟ ਨੇ ਗੱਲਬਾਤ ਕਰਦਿਆਂ ਕਿਹਾ ਕਿ ਪੁਨੀਤ ਕੌਰ ਦੀ ਸਫਲਤਾ ਅਤੇ ਉਸਦੇ 16ਵੇਂ ਜਨਮ ਦਿਨ 'ਤੇ ਸ਼ੁਕਰਾਨੇ ਵਜੋਂ, ਗੁਰਦੁਆਰਾ ਸਾਹਿਬ ਖਾਲਸਾ ਦੀਵਾਨ ਸੋਸਾਇਟੀ ਐਬਟਸਫੋਰਡ ਵਿਖੇ 19 ਜਨਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਪ੍ਰਕਾਸ਼ ਕਰਵਾ ਰਹੇ ਹਨ ਤੇ 21ਜਨਵਰੀ ਦਿਨ ਐਤਵਾਰ ਨੂੰ ਭੋਗ ਪੈਣਗੇ। ਉਹਨਾਂ ਹਾਕੀ ਕੈਨੇਡਾ ਅਤੇ ਕੋਚ ਸਾਹਿਬਾਨ ਦਾ ਪਰਿਵਾਰ ਵੱਲੋਂ ਸ਼ੁਕਰਾਨਾ ਕੀਤਾ ਹੈ। ਜ਼ਿਕਰਯੋਗ ਹੈ ਕਿ ਪੁਨੀਤ ਕੌਰ ਦਾ ਲਿੱਟ ਪਰਿਵਾਰ ਪਿੰਡ ਬੁਰਜ ਲਿੱਟਾਂ, ਜ਼ਿਲਾ ਲੁਧਿਆਣਾ ਦੇ ਸ. ਭਾਗ ਸਿੰਘ ਲਿੱਟ ਨਾਲ ਸੰਬੰਧਤ ਹੈ। ਕੈਨੇਡਾ ਵੱਸਦੇ ਸੌ ਤੋਂ ਵੱਧ ਪਰਿਵਾਰਾਂ ਦੇ ਮੁਖੀ ਅਤੇ ਸੌ ਸਾਲ ਤੋਂ ਲੰਮਾ ਜੀਵਨ ਗੁਜ਼ਾਰਨ ਵਾਲੇ ਸਵਰਗੀ ਭਾਗ ਸਿੰਘ ਲਿੱਟ ਨੇ ਪਿੰਡ ਵਿਚ ਸਕੂਲ ਸਥਾਪਨਾ, ਗੁਰਦੁਆਰਾ ਉਸਾਰੀ ਅਤੇ ਹੋਰ ਸੇਵਾ ਕਾਰਜਾਂ 'ਚ ਵੱਡਮੁੱਲਾ ਯੋਗਦਾਨ ਪਾਇਆ, ਆਪਣੇ ਬੱਚਿਆਂ ਨੂੰ ਗੁਰਸਿੱਖੀ ਨਾਲ ਜੋੜਿਆ ਅਤੇ ਮਾਨਵਵਾਦੀ ਸੋਚ ਦੀ ਗੁੜ੍ਹਤੀ ਦਿੱਤੀ।

## ਆਰਕਟਿਕ ਬਲਾਸਟ ਅਤੇ ਬਰਫ਼ਬਾਰੀ ਤੋਂ ਬਾਅਦ ਅਮਰੀਕਾ ਵਿੱਚ ਠੰਢ ਵਧੀ, ਤਾਪਮਾਨ 'ਚ ਰਿਕਾਰਡ ਗਿਰਾਵਟ

ਵਾਸ਼ਿੰਗਟਨ-ਅਮਰੀਕਾ 'ਚ ਕੜਾਕੇ ਦੀ ਠੰਢ ਕਾਰਨ ਜਨਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਆਰਕਟਿਕ ਬਲਾਸਟ ਕਾਰਨ ਅਮਰੀਕਾ ਦੇ 142 ਮਿਲੀਅਨ ਲੋਕਾਂ ਨੂੰ ਠੰਢੀਆਂ ਹਵਾਵਾਂ ਨਾਲ ਜੂਝਣਾ ਪੈ ਰਿਹਾ ਹੈ। ਮੌਸਮ ਵਿਭਾਗ ਮੁਤਾਬਕ ਬਰਫੀਲੀ ਆਰਕਟਿਕ ਹਵਾਵਾਂ ਕਾਰਨ ਅਮਰੀਕਾ ਦੇ ਜ਼ਿਆਦਾਤਰ ਹਿੱਸਿਆਂ 'ਚ ਤਾਪਮਾਨ 'ਚ ਰਿਕਾਰਡ ਗਿਰਾਵਟ ਦਰਜ ਕੀਤੀ ਗਈ ਹੈ। ਅਮਰੀਕੀ ਜਨਤਾ ਨੂੰ ਘਰ ਦੇ ਅੰਦਰ ਰਹਿਣ ਅਤੇ ਸਾਵਧਾਨੀ ਨਾਲ ਯਾਤਰਾ ਕਰਨ ਦੀ ਚੇਤਾਵਨੀ ਦਿੱਤੀ ਗਈ ਹੈ ਜਦੋਂ ਬਿਲਕੁਲ ਜ਼ਰੂਰੀ ਹੋਵੇ। ਮੌਸਮ ਵਿਭਾਗ ਨੇ ਖ਼ਦਸ਼ਾ ਜ਼ਾਹਰ ਕੀਤਾ ਹੈ ਕਿ ਆਰਕਟਿਕ ਧਮਾਕੇ ਕਾਰਨ ਅਮਰੀਕਾ ਦੇ ਜ਼ਿਆਦਾਤਰ ਇਲਾਕਿਆਂ ਵਿੱਚ ਤਾਪਮਾਨ ਰਿਕਾਰਡ ਹੇਠਲੇ ਪੱਧਰ ਤੱਕ ਡਿੱਗ ਜਾਵੇਗਾ। ਮੌਸਮ ਵਿਭਾਗ ਮੁਤਾਬਕ ਅਮਰੀਕਾ ਦੇ ਉੱਤਰੀ ਇਲਾਕਿਆਂ 'ਚ ਠੰਢੀਆਂ ਹਵਾਵਾਂ ਚੱਲਣਗੀਆਂ। ਤਾਪਮਾਨ ਜ਼ੀਰੋ ਤੋਂ ਹੇਠਾਂ ਜਾਣ ਦੀ ਸੰਭਾਵਨਾ ਹੈ, ਇੱਥੋਂ ਤੱਕ ਕਿ ਮਾਈਨਸ ਵਿੱਚ ਵੀ। ਮੌਸਮ ਵਿਭਾਗ ਨੇ ਲੋਕਾਂ ਨੂੰ ਬੇਲੋੜੀ ਯਾਤਰਾ ਤੋਂ ਬਚਣ ਦੀ ਸਲਾਹ ਦਿੱਤੀ ਹੈ ਅਤੇ ਚੇਤਾਵਨੀ ਦਿੱਤੀ ਹੈ ਕਿ ਤਾਪਮਾਨ ਮਨਫੀ 30 ਡਿਗਰੀ ਤੱਕ ਡਿੱਗਣ ਦੀ ਸੰਭਾਵਨਾ ਹੈ। ਘੱਟ ਤਾਪਮਾਨ ਕਾਰਨ ਲਗਭਗ 80 ਫੀਸਦੀ ਇਲਾਕਿਆਂ 'ਚ ਸਕੂਲ ਬੰਦ ਕਰ ਦਿੱਤੇ ਗਏ ਹਨ। ਅਮਰੀਕਾ ਦੇ ਰਾਸ਼ਟਰੀ ਮੌਸਮ ਵਿਭਾਗ ਨੇ ਕਿਹਾ ਕਿ ਬੁਧਵਾਰ ਤੱਕ ਹੱਡ-ਭੰਨਵੀਂ ਠੰਢ ਜਾਰੀ ਰਹਿਣ ਦੀ ਉਮੀਦ ਹੈ। ਮੌਸਮ ਵਿਭਾਗ ਮੁਤਾਬਕ ਤਾਪਮਾਨ 'ਚ ਗਿਰਾਵਟ ਦਾ ਕਾਰਨ ਆਰਕਟਿਕ ਬਲਾਸਟ ਹੈ। ਮੌਸਮ ਵਿਭਾਗ ਨੇ ਕਿਹਾ ਕਿ ਆਰਕਟਿਕ ਏਅਰ ਪੁੰਜ ਪੱਛਮੀ ਕੈਨੇਡਾ ਤੋਂ ਦੱਖਣ-ਪੂਰਬੀ ਅਮਰੀਕਾ ਪਹੁੰਚ ਗਿਆ ਹੈ। ਠੰਢੀਆਂ ਹਵਾਵਾਂ ਕਾਰਨ ਅਮਰੀਕਾ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਰਿਕਾਰਡ ਘੱਟ ਤਾਪਮਾਨ ਦਰਜ ਕੀਤਾ ਗਿਆ।

# ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ 'ਤੇ ਸਲਾਨਾ ਕਵੀ ਦਰਬਾਰ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਸਰੀ-ਡੈਲਟਾ ਵਿਖੇ ਅਯੋਜਿਤ

ਸਰੀ-ਡੈਲਟਾ : ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਸਰੀ-ਡੈਲਟਾ ਵਿਖੇ ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ, ਸਲਾਨਾ ਕਵੀ ਦਰਬਾਰ ਅਯੋਜਿਤ ਹੋਇਆ। ਇਸ ਮੌਕੇ 'ਤੇ ਸੰਗਤਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਹਜ਼ੂਰੀ ਵਿੱਚ, ਵੱਡੀ ਗਿਣਤੀ ਵਿੱਚ ਹਾਜ਼ਰੀ ਲਵਾਈ। ਕੈਨੇਡਾ ਦੇ ਜੰਮਪਲ ਨੌਜੁਆਨ ਕਵੀਆਂ, ਬੱਚੇ, ਬੱਚੀਆਂ ਸਮੇਤ ਕਾਵਿ-ਮੰਚ ਦੀ ਦੁਨੀਆ ਵਿੱਚ ਸਥਾਪਤ ਮਹਾਨ ਕਵੀਆਂ ਨੇ ਪਾਤਸ਼ਾਹ ਜੀ ਦੇ ਮਹਾਨ ਜੀਵਨ 'ਤੇ ਕਵਿਤਾ ਪੇਸ਼ ਕਰ ਕੇ, ਸ਼ਬਦਾਂ ਦੇ ਮੋਤੀਆਂ ਦੀ ਮਾਲਾਵਾਂ, ਸੰਗਤਾਂ ਨੂੰ ਭੇਟਾ ਕੀਤੀਆਂ । ਕਵੀ ਦਰਬਾਰ ਸੰਚਾਲਨ ਦੀ ਸੇਵਾ ਡਾ ਗੁਰਵਿੰਦਰ ਸਿੰਘ ਨੇ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਈ। ਇਸ ਕਵੀ ਦਰਬਾਰ ਵਿੱਚ ਪ੍ਰੋਫੈਸਰ ਅਮਰੀਕ ਸਿੰਘ ਫੁੱਲ, ਬੀਬੀ ਮੰਨਤ ਕੌਰ, ਹਰਚੰਦ



ਸਿੰਘ ਗਿੱਲ ਅੱਚਰਵਾਲ, ਬੀਬੀ ਜਸਲੀਨ ਕੌਰ, ਭਾਈ ਹਰਦਿਆਲ ਸਿੰਘ, ਬੀਬੀ ਇੰਦਰਪ੍ਰੀਤ ਕੌਰ, ਬੀਬੀ ਲਵਲੀਨ ਕੌਰ, ਮਨਪ੍ਰੀਤ ਸਿੰਘ, ਮਾਸਟਰ ਅਮਰੀਕ ਸਿੰਘ ਲੇਹਲ, ਗੁਰਮੀਤ ਸਿੰਘ ਕਾਲਕਟ ਅਤੇ ਅਖੀਰ ਵਿੱਚ ਮਕਬੂਲ ਕਵੀ ਕੁਲਵੀਰ ਸਿੰਘ ਸਹੋਤਾ ਡਾਨਸੀਵਾਲ ਨੇ ਹਾਜ਼ਰੀ ਲਵਾਈ। ਸਮਾਗਮਾਂ ਦੇ ਆਖ਼ੀਰ ਵਿੱਚ ਕਵਿਤਾ ਪੇਸ਼ਕਾਰਾਂ ਨੂੰ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਅਮਰ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਦੀ ਗੈਰ-ਹਾਜ਼ਰੀ ਵਿੱਚ ਗੁਰੂ ਘਰ ਦੇ ਮੈਨੇਜਰ ਭਾਈ ਹਰਜੀਤ ਸਿੰਘ ਬੱਲ ਵੱਲੋਂ ਸਰਟੀਫਿਕੇਟ ਭੇਟ ਕੀਤੇ ਗਏ। ਭਾਈ ਗੁਰਮੀਤ ਸਿੰਘ ਤੂਰ ਨੇ ਗੁਰਦੁਆਰਾ ਸੰਸਥਾ ਵੱਲੋਂ ਵਿਸ਼ੇਸ਼ ਤੌਰ ਤੇ ਕਵੀ ਸਾਹਿਬਾਨ ਦਾ ਧੰਨਵਾਦ ਕੀਤਾ। ਇਹ ਸਲਾਨਾ ਕਵੀ ਦਰਬਾਰ ਅਮਿੱਟ ਯਾਦਾਂ ਛੱਡ ਕੇ ਸੰਪੂਰਨ ਹੋਇਆ।

ROHITA PANNU
LAW CORPORATION




BARRISTER & SOLICITOR
SERVICES
- ALL NOTARY PUBLIC
- WILLS & ESTATE
- RESIDENTIAL & COMMERCIAL
- REAL ESTATE BUYING & SELLING
- MORTGAGES
- DIVORCE/ FAMILY LAW

Ph: 604.589.1399
Fax : 604.589.1556
www.rohitapannulaw.com
# 102-9278, 120th St.,
Surrey, BC V3V 4W8

**ਗਣਤੰਤਰ ਦਿਵਸ 'ਤੇ ਵਿਸ਼ੇਸ਼**

## ਆਜ਼ਾਦ ਭਾਰਤ ਦੇ ਲੋਕ ਅਤੇ ਸੰਵਿਧਾਨ

# ਗਣਤੰਤਰ ਰਾਜ ਕਿਉਂ ਨਹੀਂ ਬਣ ਸਕਿਆ ਭਾਰਤ ?

ਆਜ਼ਾਦੀ ਤੋਂ ਲਗਪਗ ਤਿੰਨ ਸਾਲ ਬਾਅਦ ਕਈ ਵਾਰ ਸੋਧ ਕਰਨ ਉਪਰੰਤ 26 ਜਨਵਰੀ ਸੰਨ 1950 ਨੂੰ ਦੇਸ਼ ਦਾ ਸੰਵਿਧਾਨ ਲਾਗੂ ਕੀਤਾ ਗਿਆ। ਉਦੋਂ ਤੋਂ ਭਾਰਤ ਦੇ ਲੋਕ 26 ਜਨਵਰੀ ਦੇ ਦਿਨ ਨੂੰ ਗਣਤੰਤਰ ਦਿਵਸ ਵਜੋਂ ਮਨਾਉਂਦੇ ਆ ਰਹੇ ਹਨ। ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਇਨ੍ਹਾਂ ਸ਼ਬਦਾਂ ਨਾਲ ਸ਼ੁਰੂ ਹੁੰਦੀ ਹੈ, 'ਅਸੀਂ ਭਾਰਤ ਦੇ ਲੋਕ, ਭਾਰਤ ਨੂੰ ਇਕ ਸੰਪੂਰਨ ਪ੍ਰਭੂਸੱਤਾ ਸੰਪੰਨ, ਸਮਾਜਵਾਦੀ, ਧਰਮ ਨਿਰਪੱਖ ਅਤੇ ਲੋਕਤੰਤਰੀ ਗਣਰਾਜ ਐਲਾਨ ਕਰਦੇ ਹਾਂ'। ਸਾਡੇ ਸੰਵਿਧਾਨ ਅਨੁਸਾਰ ਭਾਰਤ ਇਕ ਧਰਮ ਨਿਰਪੱਖ ਰਾਜ ਹੈ, ਸੰਵਿਧਾਨ ਅਨੁਸਾਰ ਦੇਸ਼ 'ਚ ਜਾਤ-ਪਾਤ ਅਤੇ ਧਰਮ ਆਧਾਰਤ ਵਿਤਕਰੇ ਨਹੀਂ ਹੋਣਗੇ, ਗ਼ਰੀਬਾਂ, ਮਜ਼ਲੂਮਾਂ ਅਤੇ ਅਮੀਰਾਂ ਲਈ ਇਕੋ ਜਿਹੀ ਨਿਆਂ ਵਿਵਸਥਾ ਹੋਵੇਗੀ। ਸੰਵਿਧਾਨ ਅਨੁਸਾਰ ਸਰਕਾਰਾਂ, ਗ਼ਰੀਬਾਂ ਨਿਤਾਣਿਆਂ ਅਤੇ ਸਾਧਨਹੀਣ ਲੋਕਾਂ ਦੀ ਮਦਦ ਕਰਕੇ ਇਨ੍ਹਾਂ ਨੂੰ ਗ਼ਰੀਬੀ ਦੀ ਜਿੱਲ੍ਹਣ 'ਚੋਂ ਕੱਢਣ ਲਈ ਸਿੱਖਿਆ ਅਤੇ ਰੁਜ਼ਗਾਰ ਮੁਹੱਈਆ ਕਰਵਾਉਣਗੀਆਂ। ਸੰਵਿਧਾਨ ਅਨੁਸਾਰ ਸਰਕਾਰਾਂ ਭਾਰਤੀ ਨਾਗਰਿਕਾਂ ਦੀ ਵਿਗਿਆਨਕ ਸੋਚ ਬਣਾਉਣ ਲਈ ਯਤਨਸ਼ੀਲ ਹੋਣਗੀਆਂ। ਗ਼ਰੀਬੀ ਨੂੰ ਖ਼ਤਮ ਕਰਨ ਦੇ ਟੀਚੇ ਮਿੱਥੇ ਜਾਣਗੇ, ਗ਼ਰੀਬ-ਅਮੀਰ ਦਾ ਪਾੜਾ ਖ਼ਤਮ ਕਰਨਾ ਹੋਵੇਗਾ। ਘੱਟ-ਗਿਣਤੀਆਂ, ਫਿਰਕਿਆਂ ਨਾਲ ਕਿਸੇ ਪੱਖੋਂ ਵਿਤਕਰਾ ਨਹੀਂ ਹੋਵੇਗਾ ਆਦਿ।



ਸੰਵਿਧਾਨ ਲਾਗੂ ਹੋਇਆਂ ਬੇਸ਼ੱਕ 68 ਸਾਲ ਹੋ ਗਏ ਹਨ ਪਰ ਭਾਰਤ ਇਕ ਗਣਤੰਤਰ ਰਾਜ ਵਜੋਂ ਵਿਕਸਤ ਨਹੀਂ ਹੋ ਸਕਿਆ। ਆਖਿਰ ਕਿਉਂ? ਪਛੜੀਆਂ ਜਾਤੀਆਂ, ਘੱਟ-ਗਿਣਤੀਆਂ ਅਤੇ ਗ਼ਰੀਬਾਂ-ਮਜ਼ਲੂਮਾਂ ਲਈ ਵਿਸ਼ੇਸ਼ ਅਧਿਕਾਰ ਕੁਝ ਸਮੇਂ ਲਈ ਸਨ ਅਤੇ ਬਾਅਦ ਵਿਚ ਇਨ੍ਹਾਂ ਲੋਕਾਂ ਨੂੰ ਸਾਧਨ ਸੰਪੰਨ ਬਣਾ ਕੇ ਇਨ੍ਹਾਂ ਲੋਕਾਂ ਨੂੰ ਗ਼ਰੀਬੀ ਦੀ ਜਿੱਲ੍ਹਣ 'ਚੋਂ ਬਾਹਰ ਕੱਢਣਾ ਸੀ, ਪਰ ਹੋਇਆ ਇਸ ਤੋਂ ਉਲਟ, ਦੇਸ਼ ਵਿਚ ਗ਼ਰੀਬੀ, ਮੰਦਹਾਲੀ ਦੀ ਸਮੱਸਿਆ ਵਿਕਰਾਲ ਰੂਪ ਧਾਰਨ ਕਰਦੀ ਗਈ ਅਤੇ ਕਰ ਰਹੀ ਹੈ। ਹੇਠਲੇ ਤਬਕੇ ਦੇ ਲੋਕਾਂ ਨੂੰ ਸਾਧਨ ਸੰਪੰਨ ਕਰਨ ਦੀ ਬਜਾਏ ਮੌਜੂਦਾ ਦੌਰ ਦੀ ਵਿਵਸਥਾ ਨੇ ਸਾਧਨਹੀਣ ਬਣਾਉਣਾ ਸ਼ੁਰੂ ਕਰ ਦਿੱਤਾ। ਸੰਵਿਧਾਨ ਅਨੁਸਾਰ ਦੇਸ਼ ਵਿਚ ਜਾਤ-ਪਾਤ ਦੇ ਆਧਾਰ 'ਤੇ ਵਿਤਕਰੇ ਨਹੀਂ ਹੋਣਗੇ, ਪਰ ਇਸ ਤੋਂ ਬਿਲਕੁਲ ਉਲਟ ਲੋਕਾਂ ਨੂੰ ਧਰਮ ਦੇ ਨਾਂਅ 'ਤੇ ਵੰਡਣਾ ਅਤੇ ਇਸ ਤੋਂ ਅਗਾਂਹ ਜਾਤਾਂ-ਪਾਤਾਂ, ਫਿਰਕਿਆਂ ਵਿਚ ਵੰਡਣ ਦਾ ਅਮਲ ਪਹਿਲਾਂ ਨਾਲੋਂ ਵੀ ਤੇਜ਼ ਹੋ ਗਿਆ ਹੈ। ਸਾਡੇ ਸੰਵਿਧਾਨ ਅਨੁਸਾਰ ਸਰਕਾਰਾਂ ਲੋਕਾਂ ਦੀ ਸੋਚ ਵਿਗਿਆਨਕ ਬਣਾਉਣ ਦਾ ਯਤਨ ਕਰਨਗੀਆਂ, ਪਰ ਦੇਸ਼ ਵਿਚ ਅੰਧਵਿਸ਼ਵਾਸਾਂ ਦਾ ਬੋਲਬਾਲਾ ਇੰਨਾ ਵਧ ਗਿਆ ਕਿ ਇਹ ਹੁਣ ਇਕ ਵੱਡਾ ਕਾਰੋਬਾਰ ਬਣ ਗਿਆ ਹੈ। ਦੇਸ਼ ਦੇ ਭੋਲੇ-ਭਾਲੇ ਲੋਕ ਅੰਧਵਿਸ਼ਵਾਸਾਂ ਦੀ ਦਲਦਲ ਵਿਚ ਫਸੇ ਆਪਣੀ ਮਿਹਨਤ ਦੀ ਕਮਾਈ ਤੋਂ ਇਲਾਵਾ ਆਪਣੇ ਬੱਚੇ-ਬੱਚੀਆਂ ਨੂੰ ਸਾਧਾਂ-ਸੰਤਾਂ ਦੇ ਡੇਰਿਆਂ ਨੂੰ ਸਮਰਪਿਤ ਕਰ ਰਹੇ ਹਨ।

ਦੇਸ਼ ਦੀਆਂ ਬਹੁਤੀਆਂ ਪਾਰਟੀਆਂ ਦੇ ਨੇਤਾ ਸਾਧਾਂ, ਸੰਤਾਂ, ਮਹਾਤਮਾਵਾਂ ਤੋਂ ਅਸ਼ੀਰਵਾਦ ਲੈਂਦੇ ਹਨ। ਸੰਵਿਧਾਨ ਅਨੁਸਾਰ ਦੇਸ਼ ਦੇ ਨਾਗਰਿਕਾਂ ਦੇ ਜਾਨ-ਮਾਲ ਦੀ ਰਾਖੀ ਸਰਕਾਰ ਕਰੇਗੀ, ਸਰਕਾਰ ਲੋਕਾਂ ਲਈ ਸਿੱਖਿਆ, ਸਿਹਤ ਸਹੂਲਤਾਂ ਪ੍ਰਤੀ ਜਵਾਬਦੇਹ ਹੋਵੇਗੀ ਪਰ ਇਸ ਦੇ ਬਿਲਕੁਲ ਉਲਟ ਹਾਲਾਤ ਇਹ ਬਣੇ ਹੋਏ ਹਨ ਕਿਸੇ ਵੀ ਸਮੇਂ ਕਿਸੇ ਮਸਲੇ ਨੂੰ ਲੈ ਕੇ ਸੜਕਾਂ 'ਤੇ ਨਿਕਲੀਆਂ ਭੀੜਾਂ ਸਾੜ-ਫੂਕ ਕਰਦੀਆਂ ਹਨ, ਅੱਗਾਂ ਲਗਦੀਆਂ ਹਨ, ਔਰਤਾਂ ਅਤੇ ਮਾਸੂਮ ਬੱਚੀਆਂ ਦੀਆਂ ਇੱਜ਼ਤਾਂ ਨਾਲ ਖਿਲਵਾੜ ਹੁੰਦੇ ਹਨ। ਸਿੱਖਿਆ ਦਾ ਬੜੀ ਤੇਜ਼ੀ ਨਾਲ ਨਿੱਜੀਕਰਨ ਹੋ ਰਿਹਾ ਹੈ। ਸਿੱਖਿਆ ਹਰ ਇਕ ਲਈ ਇਕਸਾਰ, ਇਕੋ ਜਿਹੇ ਸਕੂਲਾਂ/ਸਿਲੇਬਸਾਂ ਵਾਲੀ ਹੋਣੀ ਚਾਹੀਦੀ ਸੀ ਪਰ ਸਿੱਖਿਆ ਅਮੀਰਾਂ ਲਈ ਵੱਖਰੀ ਅਤੇ ਗ਼ਰੀਬਾਂ ਲਈ ਵੱਖਰੀ ਬਣਾ ਦਿੱਤੀ ਗਈ ਹੈ। ਸਿਹਤ ਸਹੂਲਤਾਂ ਦੀ ਹਾਲਤ ਇਹ ਹੈ ਕਿ ਦੇਸ਼ ਦੇ ਲੱਖਾਂ ਗ਼ਰੀਬ ਅਤੇ ਨਿਤਾਣੇ ਲੋਕ ਇਲਾਜ ਕਰਵਾਉਣ ਤੋਂ ਅਸਮਰੱਥ ਹੋਏ ਬਿਮਾਰੀਆਂ, ਦੁਸ਼ਵਾਰੀਆਂ ਨਾਲ ਘੋਲ ਕਰਦੇ ਰੋਜ਼ ਮਰ ਰਹੇ ਹਨ। ਦਵਾਈਆਂ ਲੋਕਾਂ ਦੀ ਪਹੁੰਚ ਤੋਂ ਬਾਹਰ ਹੁੰਦੀਆਂ ਜਾ ਰਹੀਆਂ ਹਨ।

ਹੁਣ ਸਵਾਲ ਪੈਦਾ ਹੁੰਦਾ ਹੈ ਦੇਸ਼ ਕੋਲ ਉਹ ਸੰਵਿਧਾਨ ਜੋ ਸਭ ਨਾਗਰਿਕਾਂ ਦੀ ਬਰਾਬਰੀ ਅਤੇ ਸਭ ਲਈ ਇਕੋ ਜਿਹੇ ਨਿਆਂ ਕਾਨੂੰਨ ਦੀ ਗੱਲ ਕਰਦਾ ਹੈ, ਹੋਣ ਦੇ ਬਾਵਜੂਦ ਵੀ ਦੇਸ਼ ਦੇ ਗ਼ਰੀਬਾਂ, ਮਜ਼ਲੂਮਾਂ, ਘੱਟ-ਗਿਣਤੀਆਂ, ਮਜ਼ਦੂਰਾਂ, ਕਿਸਾਨਾਂ ਦੀ ਹਾਲਤ ਬਦ ਤੋਂ ਬਦਤਰ ਕਿਉਂ ਹੁੰਦੀ ਜਾ ਰਹੀ ਹੈ? ਇਸ ਦਾ ਕਾਰਨ ਸ਼ਾਇਦ ਇਹ ਹੈ ਕਿ ਦੇਸ਼ ਦੇ ਸਿੰਘਾਸਣ 'ਤੇ ਬਦਲ-ਬਦਲ ਕੇ ਰਾਜ ਕਰਦੀਆਂ ਆ ਰਹੀਆਂ ਵੱਖ-ਵੱਖ ਰਾਜਸੀ ਧਿਰਾਂ/ਨੇਤਾਵਾਂ ਦੀ ਸੋਚ ਲੋਕ-ਪੱਖੀ ਹੋਣ ਦੀ ਬਜਾਏ ਆਪਣੇ ਘਰਾਣਿਆਂ ਦਾ ਵਿਸਥਾਰ ਕਰਨ ਤੱਕ ਸੀਮਤ ਰਹੀ ਹੈ। ਰਾਜਸੀ ਪਾਰਟੀਆਂ ਨੇ ਦੇਸ਼ ਨੂੰ ਅੱਗੇ ਲੈ ਜਾਣ ਵਾਲੇ ਵੱਡੇ ਪ੍ਰੋਗਰਾਮ ਬਣਾਉਣ ਦੀ ਬਜਾਏ 'ਵਕਤੀ ਲੋਕ ਲੁਭਾਉਣੇ ਏਜੰਡਿਆਂ' 'ਤੇ ਕੰਮ ਕਰ ਕੇ ਦੇਸ਼ ਦੇ ਲੋਕਤੰਤਰ ਦਾ ਇਕ ਤਰ੍ਹਾਂ ਨਾਲ ਤਮਾਸ਼ਾ ਬਣਾ ਕੇ ਰੱਖ ਦਿੱਤਾ। ਹਾਲਾਤ ਹੁਣ ਇਹ ਹਨ ਕਿ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਅਖਵਾਏ ਜਾਂਦੇ ਸਾਡੇ ਦੇਸ਼ ਦੀਆਂ ਚੋਣਾਂ ਵਿਚ ਲੋਕ ਮੁੱਦੇ ਹਾਸ਼ੀਏ 'ਤੇ ਚਲੇ ਜਾਂਦੇ ਹਨ ਅਤੇ ਰਾਜਸੀ ਪਾਰਟੀਆਂ ਵੱਡੇ ਹੈਰਾਨੀਜਨਕ ਝੂਠ ਦਾ ਸਹਾਰਾ ਲੈ ਕੇ ਆਪਣੇ ਵਿਰੋਧੀਆਂ ਨੂੰ ਚਿੱਤ ਕਰਨ ਵਿਚ ਵਿਸ਼ਵਾਸ ਰੱਖਦੀਆਂ ਹਨ। ਚੋਣ ਏਜੰਡਿਆਂ 'ਚੋਂ ਗੰਭੀਰਤਾ ਨਦਾਰਦ ਹੋ ਗਈ ਹੈ ਅਤੇ ਇਹ ਚੋਣ ਜੁਮਲਿਆਂ ਦਾ ਰੂਪ ਲੈ ਰਹੇ ਹਨ।

ਸਾਡੇ ਨੇਤਾਜਨ ਅੱਜ ਵੀ ਆਪਣੇ ਭਾਸ਼ਣਾਂ ਵਿਚ ਭਾਰਤ ਨੂੰ ਸ਼ਹੀਦਾਂ ਦੇ ਸੁਪਨਿਆਂ ਦਾ ਦੇਸ਼ ਬਣਾਉਣ ਦੀ ਗੱਲ ਕਰਦੇ ਹਨ ਪਰ ਸੋਚਣ ਵਾਲੀ ਗੱਲ ਇਹ ਹੈ ਕਿ ਜੇਕਰ ਹੁਣ ਤੱਕ ਭਾਰਤ ਸ਼ਹੀਦਾਂ ਦੇ ਸੁਪਨਿਆਂ ਦਾ ਦੇਸ਼ ਨਹੀਂ ਬਣ ਸਕਿਆ ਤਾਂ ਇਸ ਵਿਚ ਰੋੜੇ ਅਟਕਾਉਣ ਵਾਲੀਆਂ ਕਿਹੜੀਆਂ ਧਿਰਾਂ ਸਨ? ਹੁਣ ਤੱਕ ਸੰਵਿਧਾਨ ਅਨੁਸਾਰ ਦੇਸ਼ ਦੇ ਬੇਰੁਜ਼ਗਾਰਾਂ, ਗ਼ਰੀਬਾਂ, ਨਿਤਾਣਿਆਂ ਨੂੰ ਰੋਜ਼ੀ, ਰੋਟੀ, ਘਰ, ਨਿਆਂ, ਸਿੱਖਿਆ ਅਤੇ ਸਿਹਤ ਸਹੂਲਤਾਂ ਜੋ ਸੰਵਿਧਾਨ ਅਨੁਸਾਰ ਮਿਲਣੀਆਂ ਚਾਹੀਦੀਆਂ ਸਨ, ਕਿਉਂ ਨਹੀਂ ਮਿਲ ਸਕੀਆਂ? ਕਿਉਂ ਲੋਕ ਸਰਕਾਰਾਂ ਵਲੋਂ ਦਿੱਤੇ ਜਾਣ ਵਾਲੇ ਆਟੇ-ਦਾਲ ਦੇ ਮੁਥਾਜ ਹੋ ਗਏ? ਕਿਉਂ ਲੋਕ ਇੰਨੇ ਦੀਨਹੀਣ ਬਣਾ ਦਿੱਤੇ ਗਏ ਕਿ ਉਹ ਢਾਈ-ਢਾਈ ਸੌ ਰੁਪਏ ਬੁਢਾਪਾ ਪੈਨਸ਼ਨ ਲੈਣ ਲਈ ਲੰਮੀਆਂ ਲਾਈਨਾਂ ਵਿਚ ਘੰਟਿਆਂਬੱਧੀ ਖੜ੍ਹੇ ਰਹਿੰਦੇ ਹਨ? ਆਜ਼ਾਦ ਭਾਰਤ ਦੇ ਸਭ ਲੋਕ ਹੁਣ ਤੱਕ ਸਾਧਨ ਸੰਪੰਨ ਹੋਣੇ ਚਾਹੀਦੇ ਸਨ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਉਹ ਕੌਣ ਹਨ, ਜਿਨ੍ਹਾਂ ਨੇ ਕਈ-ਕਈ ਵਾਰ ਸੰਵਿਧਾਨ ਦੀਆਂ ਸਹੁੰਆਂ ਖਾਧੀਆਂ ਅਤੇ ਲੋਕਾਂ ਨਾਲ ਵਿਸ਼ਵਾਸਘਾਤ ਕਰ ਕੇ ਆਪਣੇ ਘਰ ਭਰੇ? ਉਨ੍ਹਾਂ ਤਰਜੀਹਾਂ 'ਤੇ ਸਾਫ਼ ਨੀਤੀਆਂ ਨਾਲ ਕੰਮ ਕਿਉਂ ਨਹੀਂ ਹੋ ਸਕਿਆ, ਜਿਨ੍ਹਾਂ ਨਾਲ ਦੇਸ਼ ਦੇ ਜਨ ਸਮੂਹ ਦੀ ਹੋਣੀ ਨੂੰ ਬਦਲਿਆ ਜਾ ਸਕਦਾ ਸੀ?

**—ਡਾ: ਗੁਰਪ੍ਰੀਤ ਸਿੰਘ**

# ਕਿਵੇਂ-ਕਿਵੇਂ ਠੱਗੇ ਜਾ ਰਹੇ ਨੇ ਲੋਕ

**ਗੁਰਦੀਪ ਸਿੰਘ**

ਅੱਜ-ਕੱਲ੍ਹ ਲੋਕਾਂ ਨਾਲ ਕਈ ਤਰ੍ਹਾਂ ਠੱਗੀ ਵੱਜ ਰਹੀ ਹੈ। ਪਹਿਲਾਂ ਟਾਵਰ ਲਗਵਾਉਣ, ਵਿਦੇਸ਼ ਭੇਜਣ ਦੇ ਨਾਂ 'ਤੇ ਠੱਗਿਆ ਜਾਂਦਾ ਸੀ, ਇਸੇ ਤਰ੍ਹਾਂ ਕਾਲ ਕਰ ਕੇ ਏਟੀਐਮ ਜਾਂ ਕ੍ਰੈਡਿਟ ਕਾਰਡ ਨਵਿਆਉਣ ਜਾਂ ਕੇਵਾਈਸੀ ਆਦਿ ਦੇ ਨਾਂ ਉਤੇ ਓਟੀਪੀ ਮੰਗ ਕੇ ਵੀ ਲੋਕਾਂ ਨੂੰ ਚੂਨਾ ਲਾਇਆ ਜਾ ਰਿਹਾ ਹੈ। ਇੰਝ ਹੀ ਵੱਖ-ਵੱਖ ਸੋਸ਼ਲ ਮੀਡੀਆ ਪਲੇਟਫਾਰਮਾਂ ਤੇ ਹੋਰ ਵੈਬਸਾਈਟਾਂ/ ਐਪਸ ਆਦਿ ਜ਼ਰੀਏ ਸਾਮਾਨ ਖਰੀਦਣ ਤੇ ਵੇਚਣ ਦੇ ਇਸ਼ਤਿਹਾਰ ਦੇ ਕੇ ਵੀ ਭੋਲੇ-ਭਾਲੇ ਲੋਕਾਂ ਨੂੰ ਠੱਗਿਆ ਜਾ ਰਿਹਾ ਹੈ।

ਠੱਗ, ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਕਾਰ, ਮੋਟਰ-ਸਾਈਕਲ, ਮੋਬਾਈਲ ਫੋਨ ਆਦਿ ਵੇਚਣ ਦੇ ਇਸ਼ਤਿਹਾਰ ਵਸਤਾਂ ਦੀ ਕੀਮਤ ਬਾਜ਼ਾਰ ਨਾਲੋਂ ਘੱਟ ਦੱਸ ਕੇ ਦਿੰਦੇ ਹਨ। ਜਦੋਂ ਲੋਕ ਖ਼ਰੀਦਣ ਲਈ ਫੋਨ ਕਰਦੇ ਹਨ ਤਾਂ ਉਹ ਖ਼ਰੀਦਦਾਰ ਨੂੰ ਆਪਣਾ ਪਤਾ ਦੂਰ ਦਾ ਦੱਸਦੇ ਹਨ। ਜਿਵੇਂ ਚੰਡੀਗੜ੍ਹ ਤੇ ਪੰਜਾਬ ਵਾਲਿਆਂ ਨੂੰ ਦਿੱਲੀ ਦਾ ਪਤਾ ਦੱਸਦੇ ਹਨ। ਜਦੋਂ ਖ਼ਰੀਦਦਾਰ ਕਹਿੰਦਾ ਹੈ ਕਿ ਉਹ ਇੰਨੀ ਦੂਰ ਕਿਵੇਂ ਆਵੇਗਾ ਤਾਂ ਠੱਗ ਕਹਿੰਦੇ ਹਨ ਕਿ ਤੁਹਾਨੂੰ ਸਬੰਧਤ ਚੀਜ਼ ਦੀ ਡਿਲਿਵਰੀ ਕਰ ਦਿੱਤੀ ਜਾਵੇਗੀ, ਬਸ ਤੁਸੀਂ ਥੋੜ੍ਹੇ ਜਿਹੇ ਪੈਸੇ ਅਗਾਊਂ ਦੇ ਦਿਓ, ਜਿਵੇਂ 5000 ਰੁਪਏ ਆਦਿ। ਪੈਸਾ ਮਿਲਦੇ ਸਾਰ ਹੀ ਉਹ ਆਪਣੇ ਫੋਨ ਬੰਦ ਕਰ ਲੈਂਦੇ ਹਨ ਤੇ ਖ਼ਰੀਦਦਾਰ ਦੇਖਦਾ ਹੀ ਰਹਿ ਜਾਂਦਾ ਹੈ।

ਅਜਿਹੇ ਮਾਮਲਿਆਂ ਦੀ ਘੋਖ ਲਈ ਮੈਂ ਆਨਲਾਈਨ ਸਾਮਾਨ ਖ਼ਰੀਦਣ-ਵੇਚਣ ਵਾਲੀਆਂ ਵੈਬਸਾਈਟਾਂ ਉਤੇ ਨਜ਼ਰ ਰੱਖਣੀ ਸ਼ੁਰੂ ਕੀਤੀ। ਇਕ ਵੈਬਸਾਈਟ ਉਤੇ ਮੈਨੂੰ ਐਪਲ ਦਾ ਆਈ ਫ਼ੋਨ ਲੱਭਿਆ ਜਿਸ ਦਾ ਮਾਰਕੀਟ ਰੇਟ 40000 ਰੁਪਏ ਸੀ ਤੇ ਉਹ ਬੰਦਾ ਇਸ ਨੂੰ 12000 ਰੁਪਏ ਵਿਚ ਵੇਚ ਰਿਹਾ ਸੀ। ਉਸ ਨੇ ਕਿਹਾ ਕਿ ਤੁਸੀਂ ਬੁਕਿੰਗ ਲਈ 1500 ਰੁਪਏ ਗੂਗਲ ਪੇਅ ਕਰ ਦਿਓ, ਮੈਂ ਤੁਹਾਨੂੰ ਫ਼ੋਨ ਕੋਰੀਅਰ ਕਰ ਦੇਵਾਂਗਾ। ਦੂਜੇ ਦਿਨ ਉਸ ਨੇ ਕਿਹਾ ਕਿ 5000 ਰੁਪਏ ਹੋਰ ਪਵਾ ਦੇਵੋ, ਮੈਂ ਤਾਂ ਕੋਰੀਅਰ ਕਰਾਂਗਾ। ਮੈਂ ਕਿਹਾ ਕਿ ਪਹਿਲਾਂ ਡਾਕਖ਼ਾਨੇ ਦੀ ਰਸੀਦ ਭੇਜੋ, ਤਾਂ ਕਹਿੰਦਾ ਕਿ ਉਹਨੇ ਠੱਗੀ ਮਾਰ ਲਈ ਹੈ, ਜੋ ਕਰਨਾ ਕਰ ਲਓ, ਕੁਝ ਨਹੀਂ ਹੋ ਸਕਦਾ। ਉਸਦੀ ਗੱਲ ਸਹੀ ਸੀ, ਪੁਲੀਸ ਸ਼ਿਕਾਇਤ ਦੇ ਬਾਵਜੂਦ ਹਾਲੇ ਤੱਕ ਕੁਝ ਨਹੀਂ ਬਣਿਆ।




ਠੱਗ ਵੱਡੇ ਸ਼ਹਿਰਾਂ 'ਚ ਅਨਲਾਈਨ ਪਲੇਟਫਾਰਮਾਂ ਜ਼ਰੀਏ ਕਿਰਾਏ 'ਤੇ ਮਕਾਨ ਦੇਣ ਦੇ ਨਾਂ ਉਤੇ ਠੱਗਦੇ ਹਨ। ਪਹਿਲਾਂ ਖੁਦ ਕਿਰਾਏ 'ਤੇ ਲੈਣ ਲਈ ਮਕਾਨ ਦੇਖਣ ਬਹਾਨੇ ਕਈ ਘਰਾਂ ਦੀਆਂ ਫੋਟੋਆਂ ਖਿੱਚ ਲੈਂਦੇ ਨੇ ਤੇ ਬਾਅਦ 'ਚ ਉਹੋ ਫੋਟੋਆਂ ਖ਼ੁਦ ਮਕਾਨ ਕਿਰਾਏ 'ਤੇ ਦੇਣ ਲਈ ਵੈਬਸਾਈਟਾਂ ਉਤੇ ਪਾ ਦਿੰਦੇ ਹਨ ਤੇ ਮਕਾਨ ਕਿਰਾਏ 'ਤੇ ਲੈਣ ਦੇ ਚਾਹਵਾਨਾਂ ਤੋਂ ਪੇਸ਼ਗੀ ਰਕਮਾਂ ਲੈ ਕੇ ਠੱਗੀਆਂ ਮਾਰਦੇ ਹਨ।

ਸੋਸ਼ਲ ਸਾਈਟਾਂ ਉਤੇ ਵਿਦੇਸ਼ ਤੋਂ ਅਕਸਰ ਕੁੜੀਆਂ ਦੀਆਂ ਤਸਵੀਰਾਂ ਲੱਗੇ ਪ੍ਰੋਫਾਈਲਾਂ ਤੋਂ ਮੈਸੇਜ ਆਉਂਦੇ ਨੇ ਕਿ ਤੁਸੀਂ ਆਪਣਾ ਬਿਜ਼ਨਸ ਵਧਾਉਣਾ ਚਾਹੁੰਦੇ ਹੋ ਤਾਂ ਸੰਪਰਕ ਕਰੋ। ਕਈ ਬੰਦੇ ਉਨ੍ਹਾਂ ਨਾਲ ਗੱਲ ਕਰਨ ਲੱਗ ਪੈਂਦੇ ਨੇ ਤੇ ਕਿਸੇ ਦਿਨ ਵੀਡੀਓ ਕਾਲ ਉਤੇ ਅਸ਼ਲੀਲ ਤਸਵੀਰਾਂ ਜਾਂ ਵੀਡੀਓ ਦਿਖਾ ਕੇ ਸ਼ਿਕਾਰ ਦੀ ਵੀਡੀਓ ਬਣਾ ਲਈ ਜਾਂਦੀ ਹੈ। ਬਾਅਦ ਵਿਚ ਉਸ ਨੂੰ ਵੀਡੀਓ ਵਾਇਰਲ ਕਰਨ ਦੇ ਡਰਾਵੇ ਦੇ ਕੇ ਬਲੈਕਮੇਲ ਕੀਤਾ ਜਾਂਦਾ ਹੈ। ਚੰਗਾ ਇਹੋ ਹੈ ਕਿ ਅਣਜਾਣ ਲੋਕਾਂ ਦੀਆਂ ਦੋਸਤੀ ਦੀਆਂ ਬੇਨਤੀਆਂ ਨੂੰ ਨਜ਼ਰਅੰਦਾਜ਼ ਹੀ ਕੀਤਾ ਜਾਵੇ।

ਕਈ ਠੱਗ ਅਣਜਾਣ ਬੰਦਿਆਂ ਨੂੰ ਉਨ੍ਹਾਂ ਦੇ ਵਿਦੇਸ਼ ਰਹਿੰਦੇ ਰਿਸ਼ਤੇਦਾਰ ਬਣ ਕੇ ਕਾਲ ਕਰਦੇ ਨੇ ਤੇ ਜੇ ਕਿਸੇ ਵਿਅਕਤੀ ਨਾਲ ਤੁੱਕਾ ਲੱਗ ਕੇ ਗੱਲ ਸ਼ੁਰੂ ਹੋ ਗਈ ਤਾਂ ਠੱਗ ਸਬੰਧਤ ਵਿਅਕਤੀ ਦੀ ਮਾਨਸਿਕਤਾ ਪੜ੍ਹ ਕੇ ਉਸ ਨੂੰ ਕਈ ਤਰ੍ਹਾਂ ਦੇ ਸਬਜ਼ਬਾਗ ਦਿਖਾਉਂਦੇ ਹਨ। ਫਿਰ ਉਲਟਾ ਖ਼ੁਦ ਨੂੰ ਕਿਸੇ ਮੁਸੀਬਤ ਵਿਚ ਫਸਿਆ ਦੱਸ ਕੇ ਮਦਦ ਲਈ ਪੈਸੇ ਮੰਗਵਾ ਕੇ ਠੱਗੀ ਮਾਰ ਲੈਂਦੇ ਹਨ। ਇੱਕ ਵਿਅਕਤੀ ਨੂੰ ਕਿਸੇ ਗੋਰੀ ਕੁੜੀ ਨੇ ਮੈਸੇਜ ਕੀਤਾ ਕਿ ਤੁਹਾਡਾ ਦੇਸ਼ ਬਹੁਤ ਸੋਹਣਾ ਹੈ, ਉਹ ਘੁੰਮਣ ਆਉਣ ਦਾ ਪਲੈਨ ਬਣਾ ਰਹੀ ਹੈ। ਕੁਝ ਦਿਨਾਂ ਬਾਅਦ ਫ਼ੋਨ ਕੀਤਾ ਕਿ ਉਹ ਅਗਲੇ ਹਫ਼ਤੇ ਚੰਡੀਗੜ੍ਹ ਆਵੇਗੀ। ਫਿਰ ਫ਼ੋਨ ਆਇਆ ਕਿ ਉਸ ਦਾ ਐਕਸੀਡੈਂਟ ਹੋ ਗਿਆ ਹੈ, ਪਰਸ ਵੀ ਗੁੰਮ ਗਿਆ ਤੇ ਉਸ ਨੂੰ ਪੈਸਿਆਂ ਦੀ ਜ਼ਰੂਰਤ ਹੈ ਤੇ ਵਾਰ-ਵਾਰ ਫ਼ੋਨ ਕਰ ਕਰੀਬ ਇਕ ਲੱਖ ਰੁਪਏ ਠੱਗ ਲਏ। ਪੁਲੀਸ ਸ਼ਿਕਾਇਤ ਕਰਨ ਤੋਂ ਪਤਾ ਲੱਗਾ ਕੇ ਪੈਸੇ ਬਿਹਾਰ 'ਚ ਕਿਸੇ ਦੇ ਖਾਤੇ 'ਚ ਪਵਾਏ ਗਏ ਸੀ।

ਆਖ਼ਰ ਜਿਸ ਦੇ ਬੈਂਕ ਖਾਤੇ ਵਿੱਚ ਪੈਸੇ ਪਵਾਏ ਜਾਂਦੇ ਨੇ ਉਹ ਕੌਣ ਹੁੰਦਾ ਹੈ? ਮੈਨੂੰ ਖੰਨੇ ਤੋਂ ਕਿਸੇ ਦੋਸਤ ਦਾ ਫ਼ੋਨ ਆਇਆ ਕਿ ਉਹਦੇ ਆਪਣੇ ਖਾਤੇ ਵਿੱਚ ਠੱਗੀ ਦੇ ਪੈਸੇ ਪਵਾਉਣ ਦੀ ਸ਼ਿਕਾਇਤ ਕੀਤੀ ਗਈ ਹੈ। ਉਸ ਨੇ ਕਹਾਣੀ ਦੱਸੀ ਕਿ ਇੱਕ ਦਿਨ ਉਹ ਵਿਦੇਸ਼ ਭੇਜਣ ਵਾਲਾ ਇਸ਼ਤਿਹਾਰ ਪੜ੍ਹ ਕੇ ਜਲੰਧਰ ਗਿਆ। ਇਸ਼ਤਿਹਾਰ ਦੇਣ ਵਾਲੇ ਨੇ ਉਸ ਨੂੰ ਚਾਹ ਦੀ ਦੁਕਾਨ 'ਤੇ ਬੁਲਾਇਆ ਤੇ ਕਿਹਾ ਕਿ ਤੈਨੂੰ ਦੁਬਈ ਭੇਜਣ ਲਈ ਤੇਰੇ ਬੈਂਕ ਖ਼ਾਤੇ 'ਚ 3-4 ਲੱਖ ਰੁਪਏ ਦਾ ਲੈਣ-ਦੇਣ ਚਾਹੀਦਾ ਹੈ। ਪੀੜਤ ਨੇ ਜਦੋਂ ਕਿਹਾ ਉਹ ਇੰਨੇ ਪੈਸੇ ਦਾ ਇੰਤਜ਼ਾਮ ਨਹੀਂ ਕਰ ਸਕਦਾ। ਠੱਗ ਨੇ ਕਿਹਾ ਕਿ ਪੈਸਿਆਂ ਦਾ ਲੈਣ-ਦੇਣ ਉਹ ਖ਼ੁਦ ਦਿਖਾ ਦੇਣਗੇ। ਉਨ੍ਹਾਂ ਪੀੜਤ ਤੋਂ ਕੁਝ ਕਾਗਜ਼ਾਂ 'ਤੇ ਦਸਤਖ਼ਤ ਕਰਵਾਏ ਅਤੇ ਬੈਂਕ ਖਾਤਾ ਤੇ ਏਟੀਐਮ ਕਾਰਡ ਲੈ ਗਿਆ। ਫਿਰ ਠੱਗਾਂ ਦਾ ਫੋਨ ਬੰਦ ਹੋ ਗਿਆ। ਇਸ ਦੌਰਾਨ ਠੱਗ ਕਈ ਤਰ੍ਹਾਂ ਦੀਆਂ ਠੱਗੀਆਂ ਮਾਰ ਕੇ ਪੀੜਤ ਦੇ ਖ਼ਾਤੇ ਵਿਚ ਪੈਸੇ ਪਵਾ ਕੇ ਖ਼ੁਦ ਕਢਵਾਉਂਦੇ ਰਹੇ। ਇਹੋ ਜਿਹੇ ਕੇਸਾਂ 'ਚ ਪੁਲੀਸ ਵੀ ਕੁਝ ਨਹੀਂ ਕਰ ਪਾਉਂਦੀ ਕਿਉਂਕਿ ਮੁੱਖ ਦੋਸ਼ੀ ਦਾ ਪਤਾ ਹੀ ਨਹੀਂ ਲੱਗਦਾ। ਅਜਿਹੀਆਂ ਠੱਗੀਆਂ ਤੋਂ ਬਚਣ ਦਾ ਇਕੋ ਇਕ ਤਰੀਕਾ ਜਾਗਰੂਕਤਾ ਅਤੇ ਖ਼ੁਦ ਲਾਲਚ ਤੋਂ ਬਚਣਾ ਹੀ ਹੈ।




ਲੜੀ ਜੋੜਨ ਲਈ ਪਿਛਲਾ ਅੰਕ ਵੇਖੋ


ਲੜੀਵਾਰ...
ਲੇਖਕ : ਗਿਆਨੀ ਕੇਵਲ ਸਿੰਘ ਨਿਰਦੋਸ਼

## ਸਭੁ ਦੇਸੁ ਪਰਾਇਆ
(ਸਵੈ-ਜੀਵਨੀ)

# ਕਰਨਲ ਪੀ.ਐੱਸ. ਵਾਸੂਦੇਵਨ

ਕਰਨਲ ਪੀ.ਐਸ. ਵਾਸੂਦੇਵਨ ਵੀ.ਐਸ.ਐਮ (ਵਸ਼ਿਸ਼ਟ ਸੇਵਾ ਮੈਡਲ) ਮਾਰਚ 1951 ਵਿਚੱ ਸੈਕੰਡ ਲੈਫਟੀਨੈਂਟ ਬਣਕੇ ਨੌਂ ਪੰਜਾਬ ਰਜਮੈਂਟ (9 ਫੁਨਜਓਬ ੍ਰਏਗਟ) ਵਿੱਚ ਆਏ। ਇਸ ਉਪਰੰਤ ਉਹ 15 ਪੰਜਾਬ ਵਿੱਚ ਚਲੇ ਗਏ। ਜਦੋਂ ਅਜ਼ਾਦੀ ਤੋਂ ਬਾਅਦ ਰਿਆਸਤਾਂ ਟੁੱਟੀਆਂ ਤਾਂ ਉਨ੍ਹਾਂ ਦੀਆਂ ਪਲਟਨਾਂ ਨੂੰ ਇੰਡੀਅਨ ਆਰਮੀ ਵਿੱਚ ਸ਼ਾਮਲ ਕਰ ਲਿਆ ਗਿਆ। ਰਿਆਸਤ ਜੀਂਦ ਦੀ ਪਲਟਨ 13 ਪੰਜਾਬ ਨਾਭਾ ਦੀ, 14 ਪੰਜਾਬ (ਨਾਭਾ ਅਕਾਲ), ਪਟਿਆਲਾ ਦੀਆਂ ਦੋ ਪਲਟਨਾਂ 15 ਪੰਜਾਬ ਤੇ 16 ਪੰਜਾਬ ਕਹਿਲਾਈਆਂ। ਪੰਜਾਬ ਰਜਮੈਂਟ ਦੀ ਇੱਕੋ ਇੱਕ ਪਲਟਨ 15 ਪੰਜਾਬ ਹੈ ਜਿਸ ਵਿੱਚ ਸਾਰੇ ਸਿੰਘ ਹਨ। ਇਸ ਤੋਂ ਬਾਅਦ ਦੂਸਰੀ 14 ਪੰਜਾਬ ਹੈ ਜਿਸ ਵਿੱਚ ਤਿੰਨ ਕੰਪਨੀਆਂ ਸਿੰਘਾਂ ਦੀਆਂ ਤੇ ਇੱਕ ਕੰਪਨੀ ਡੋਗਰਿਆਂ ਦੀ ਹੈ। ਇਸੇ ਵਾਸਤੇ ਵਾਸੂਦੇਵਨ ਸਾਹਿਬ ਸਿੱਖ ਧਰਮ ਦੀ ਬਹੁਤ ਹੀ ਇੱਜ਼ਤ ਕਰਦੇ ਸਨ। ਆਪ ਭਾਵੇਂ ਕ੍ਰਿਸਚੀਅਨ ਸਨ ਪਰ ਸਿੱਖ ਧਰਮ ਉਪਰ ਵੀ ਬਹੁਤ ਸ਼ਰਧਾ ਰੱਖਦੇ ਸਨ। ਪਦੰ ਰਾਂ ਪੰਜਾਬ ਵਿੱਚ ਕਾਫ਼ੀ ਸਮਾਂ ਸਰਵਿਸ ਕਰਕੇ ਆਪ ਆਰਮੀ ਹੈੱਡ ਕੁਆਰਟਰ ਵਿੱਚ ਪੋਸਟਿੰਗ ਤੇ ਚਲੇ ਗਏ। ਉਥੋਂ ਜੁਲਾਈ 1966 ਵਿੱਚ ਜਦੋਂ ਲੈਫਟੀਨੈਂਟ ਕਰਨਲ (ਬਾਅਦ ਵਿੱਚ ਬਰਗੇਡੀਅਰ ਚਰਨਜੀਤ ਸਿੰਘ ਭੁੱਲਰ ਦੀ ਪੋਸਟਿੰਗ 3 ਪੰਜਾਬ ਵਿੱਚ ਹੋਣ ਤੋਂ ਬਾਅਦ ਜਨਵਰੀ 1967 ਵਿੱਚ ਜਦੋਂ ਪਲਟਨ ਅਬੋਹਰ ਦੇ ਕੋਲ ਗੋਵਿੰਦਗੜ੍ਹ ਸੀ, ਆਪ ਨੇ ਲੈਫਟੀਨੈਂਟ ਕਰਨਲ ਬਣ ਕੇ ਪਲਟਨ ਦੀ ਕਮਾਂਡ ਸੰਭਾਲੀ। ਬੜਾ ਹੀ ਸਖ਼ਤ ਸੁਭਾ ਸੀ, ਇਨ੍ਹਾਂ ਦਾ ਪਰ ਅਸੂਲ ਦੇ ਪੱਕੇ। ਕਿਸੇ ਵੀ ਕੀਮਤ ਤੇ ਗਲਤ ਨੂੰ ਸਹੀ ਨਹੀਂ ਕਹਿਣਗੇ। ਗੁੱਸਾ ਇਨ੍ਹਾਂ ਦਾ ਦੁੱਧ ਦਾ ਉਬਾਲ ਹੈ, ਜੋ ਛੇਤੀ ਹੀ ਲਹਿ ਜਾਂਦਾ ਹੈ ਪਰ ਜਿਸ ਨਾਲ ਇਹ ਸਖਤੀ ਨਾਲ ਪੇਸ਼ ਆਉਂਦੇ ਹਨ, ਉਹ ਦਿਲ ਵਿਚੱੋਂ ਨਹੀਂ ਕੱਢਦਾ। ਇਸ ਲਈ ਬਹੁਤ ਵਾਰੀ ਇਸ ਸੁਭਾ ਕਾਰਨ ਇਨ੍ਹਾਂ ਨੂੰ ਨੁਕਸਾਨ ਉਠਾਉਣਾ ਪਿਆ ਹੈ। ਸਭ ਤੋਂ ਵੱਧ ਕੋਰਟ ਮਾਰਸ਼ਲ ਇਨ੍ਹਾਂ ਦੀ ਕਮਾਂਡ ਵਿੱਚ ਹੋਏ ਹਨ। ਕੁਆਟਰ ਗਾਰਡ ਤੇ ਕੈਦੀਆਂ ਨਾਲ ਭਰੀ ਹੀ ਰਹੀ ਹੈ। ਜਿੱਥੇ ਇੱਕ ਅਫ਼ਸਰ ਇਮਾਨਦਾਰ ਹੋਵੇ ਤੇ ਬਹੁਤੇ ਬੇ-ਇਮਾਨ ਉਥੇ ਇਵੇਂ ਹੀ ਹੁੰਦਾ ਹੈ। ਕਰਨਲ ਸਾਹਿਬ ਦੀ ਇੱਕ ਵਿਸ਼ੇਸ਼ ਦੇਣ ਹੈ ਚੌਦਾਂ ਪੰਜਾਬ ਨੂੰ, "ਅਕਾਲ ਸਹਾਇ"। ਕਰਨਲ ਸਾਹਿਬ ਦਾ ਆਰਡਰ ਸੀ ਜਦੋਂ ਵੀ ਕੋਈ ਜਵਾਨ ਜਾਂ ਅਫ਼ਸਰ ਮਿਲੇ ਉਹ ਸਿਰਫ਼ ਸਤਿ ਸ੍ਰੀ ਅਕਾਲ ਤੇ ਰਾਮ ਰਾਮ ਦੀ ਥਾਂਹ ਅਗਲੇ ਨੂੰ ਅਕਾਲ ਸਹਾਇ ਕਹੇਗਾ। ਅੱਜ ਵੀ ਜਦੋਂ 14 ਪੰਜਾਬ ਦਾ ਜਵਾਨ ਕਿਸੇ ਨੂੰ ਮਿਲਦਾ ਹੈ ਉਹ ਅਕਾਲ ਸਹਾਇ ਕਹੇਗਾ।

ਝੱਟ ਪਤਾ ਲੱਗ ਜਾਂਦਾ ਹੈ ਕਿ ਇਹ ਚੌਦਾਂ ਪੰਜਾਬ ਦਾ ਹੈ। ਪਲਟਨ ਵਿੱਚ ਸਿੱਖ ਜਵਾਨਾਂ ਨੂੰ ਦਾਹੜੀ ਦੇ ਉਪਰ ਜਾਲੀ ਪਾਉਣੀ ਪੈਂਦੀ ਹੈ। ਕਈ ਜਵਾਨ ਇਹਦਾ ਫਾਇਦਾ ਉਠਾ ਕੇ ਕਤਰ ਲੈਂਦੇ ਹਨ ਕਿ ਕਿਹੜਾ ਪਤਾ ਲੱਗਣਾ ਹੈ। ਪਰ ਕੱਢੇ ਹੋਏ ਖ਼ਤ ਚੁਗਲੀ ਮਾਰ ਹੀ ਦਿੰਦੇ ਹਨ। ਇਕ ਵਾਰੀ ਗੋਬਿੰਦਗੜ੍ਹ ਵਿਖੇ ਜਰਨਲ ਜਗਜੀਤ ਸਿੰਘ ਜੀ ਅਰੋੜੇ ਨੇ ਪਲਟਨ ਦਾ ਦਰਬਾਰ ਲਾਇਆ। ਉਨ੍ਹਾਂ ਚਿੰਤਾ ਪ੍ਰਗਟ ਕੀਤੀ ਕਿ ਨਵੇਂ ਆ ਰਹੇ ਜਵਾਨ ਦਾਹੜੀਆਂ ਕੱਟ ਰਹੇ ਹਨ। ਇਨ੍ਹਾਂ ਨੂੰ ਕਿਵੇਂ ਰੋਕਿਆ ਜਾਏ? ਇਸ ਦਾ ਸੰਬੰਧ ਧਰਮ ਨਾਲ ਹੋਣ ਕਰਕੇ ਮੈਨੂੰ ਉਤਰ ਦੇਣ ਲਈ ਕਿਹਾ ਗਿਆ। ਮੈਂ ਕਿਹਾ, ''ਸਾਹਿਬ ਜਵਾਨ ਦਾਹੜੀ ਕੱਟਣੋਂ ਹੱਟ ਸਕਦੇ ਹਨ, ਜੇ ਉਹਨਾਂ ਦੇ ਕੰਪਨੀ ਕਮਾਂਡਰ ਨਾ ਕੱਟਣ। ਜੇ ਕਿਸੇ ਜਵਾਨ ਨੇ ਦਾਹੜੀ ਕੱਟੀ ਹੈ, ਮੈਂ ਉਸਨੂੰ ਕੰਪਨੀ ਕਮਾਂਡਰ ਦੇ ਪੇਸ਼ ਕਰਦਾ ਹਾਂ ਤਾਂ ਅੱਗੇ ਸਜ਼ਾ ਦੇਣ ਵਾਲੇ ਦੀ ਦਾਹੜੀ ਆਪਣੀ ਕੱਟੀ ਹੋਈ ਹੁੰਦੀ ਹੈ, ਉਹ ਕਿਵੇਂ ਸਜ਼ਾ ਦੇ ਸਕਦਾ ਹੈ। ਤੁਸੀਂ ਅਫ਼ਸਰਾਂ ਦੀਆਂ ਦਾਹੜੀਆਂ ਰੱਖਵਾ ਦਿਓ, ਜਵਾਨਾਂ ਦੀਆਂ ਮੈਂ ਰੱਖਵਾ ਦਿਆਗਾਂ।" ਅਫ਼ਸਰ ਮੇਰੇ ਵਿਰੁੱਧ ਹੀ ਜ਼ਹਿਰ ਘੋਲਣ ਲੱਗੇ। ਜਰਨਲ ਸਾਹਿਬ ਨੇ ਅਫ਼ਸਰਾਂ ਨੂੰ ਤਾੜਨਾ ਕੀਤੀ ਕਿ ਉਨ੍ਹਾਂ ਵਿਰੁੱਧ ਐਕਸ਼ਨ ਲਿਆ ਜਾਵੇਗਾ ਜੇ ਅੱਜ ਤੋਂ ਬਾਅਦ ਦਾਹੜੀ ਕੱਟੀ। ਇੱਕ ਬੀ. (ਬਰੇਵੋ) ਕੰਪਨੀ ਦਾ ਜਵਾਨ ਪਿਆਰਾ ਸਿੰਘ ਪਾਠ ਬਹੁਤ ਵਧੀਆ ਕਰਦਾ ਸੀ ਤੇ ਮੇਰੇ ਨਾਲ ਕੀਰਤਨ ਵੀ ਕਰਿਆ ਕਰਦਾ ਸੀ। ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਸੀ ਅਖੰਡਪਾਠ ਰੱਖਿਆ ਜਾਣਾ ਸੀ। ਪਾਠੀ (ਮਿਲਟਰੀ ਦੇ ਹੀ ਜਵਾਨ) ਹਾਜ਼ਰ ਹੋ ਗਏ। ਪਿਆਰਾ ਸਿੰਘ ਨੇ ਜਾਲੀ ਤਾਂ ਪਾਈ ਹੋਈ ਸੀ ਪਰ ਕੱਟੀ ਦਾਹੜੀ ਸਾਫ਼ ਦਿਸ ਰਹੀ ਸੀ। ਮੈਂ ਗੁੱਸੇ ਵਿੱਚ ਆ ਕੇ ਉਹਦੀਆਂ ਰੌਲਾਂ (ਡਿਊਟੀਆਂ ਪਾਠ ਦੀਆਂ) ਕੱਟ ਦਿੱਤੀਆਂ ਤੇ ਉਸਨੂੰ ਵਾਪਸ ਮੋੜ ਦਿੱਤਾ। ਗੁੱਸੇ ਵਿੱਚ ਆਕੇ ਉਸਨੇ ਸਾਰੀ ਕੱਟ ਦਿੱਤੀ। ਪੇਸ਼ੀ ਹੋਣੀ ਹੀ ਸੀ। ਉਸਨੂੰ ਅਠਾਈ ਦਿਨ ਦੀ ਸਜ਼ਾ ਹੋ ਗਈ। ਪਛਤਾਵਾ ਮੈਨੂੰ ਵੀ ਹੋਇਆ ਪਰ ਤੀਰ ਕਮਾਨੋਂ ਚੱਲ ਚੁੱਕਾ ਸੀ। ਕਈ ਮਹੀਨੇ ਲੰਘ ਗਏ ਉਹ ਕਦੇ ਗੁਰਦੁਆਰੇ ਨਾ ਆਇਆ। ਹੌਲੀ ਹੌਲੀ ਆਉਣ ਲੱਗਾ ਪਰ ਪਿੱਛੇ ਬੈਠਣਾ। ਇੱਕ ਐਤਵਾਰ ਉਹ ਮੋਹਰੇ ਆ ਬੈਠਾ, ਮੈਂ ਬਾਹੋਂ ਫੜ ਕੇ ਉਠਾਲ ਕੇ ਉਸਨੂੰ ਆਪਣੇ ਨਾਲ ਕੀਰਤਨ ਤੇ ਬਹਾਲ ਲਿਆ। ਸਮਾਪਤੀ ਤੋਂ ਬਾਅਦ ਉਹ ਮੇਰੇ ਤੰਬੂ ਵਿੱਚ ਆ ਕੇ ਰੋਣ ਲੱਗ ਪਿਆ। ਮੈਂ ਵੀ ਉਸਨੂੰ ਘੁੱਟ ਕੇ ਗਲਵਕੜੀ ਪਾ ਲਈ ਤੇ ਮੇਰਾ ਰੋਣ ਵੀ ਥੰਮਿਆ ਨਾ ਜਾਵੇ। ਉਹ ਮੇਰੇ ਕੋਲੋਂ ਮੁਆਫ਼ੀ ਮੰਗੇ ਮੈਂ ਉਹਦੇ ਕੋਲੋਂ ਕਿ ਮੇਰਾ ਤਰੀਕਾ ਗ਼ਲਤ ਸੀ ਮੈਨੂੰ ਪਿਆਰ ਨਾਲ ਸਮਝਾਉਣਾ ਚਾਹੀਦਾ ਸੀ। ਉਸਨੇ ਪੈਨਸ਼ਨ ਆ ਕੇ ਗਾਉਣਾ ਸ਼ੁਰੂ ਕਰ ਦਿੱਤਾ। ਉਹ ਬੜਾ ਵਧੀਆ ਗਾਉਂਦਾ ਸੀ। ਜਦੋਂ ਸਟੇਜ ਤੇ ਖੜ੍ਹਦਾ ਪਹਿਲਾਂ ਉਸਤਾਦ ਦੇ ਤੌਰ ਤੇ ਮੇਰਾ ਨਾਮ ਲੈਂਦਾ। ਉਹ ਪਟਿਆਲੇ ਦੇ ਕੋਲ ਦਾ ਸੀ। ਮੇਰਾ ਲਿਖਣ ਦਾ ਮਕਸਦ ਇਹ ਹੈ ਕਿ ਸਖਤੀ ਵੀ ਕਈ ਵਾਰ ਨੁਕਸਾਨ ਕਰਦੀ ਹੈ। ਜੋ ਕੰਮ ਪਿਆਰ ਨਾਲ ਹੋ ਸਕਦਾ ਹੈ ਉਸ ਲਈ ਜ਼ੁਬਾਨ ਨੂੰ ਤਲਵਾਰ ਨਾ ਬਣਾਇਆ ਜਾਵੇ। ਕਰਨਲ ਵਾਸੂਦੇਵਨ ਸਾਹਿਬ ਵਿੱਚ ਵਿਸ਼ਵਾਸ਼ ਦੀ ਵੀ ਘਾਟ ਸੀ। ਉਹ ਕਿਸੇ ਤੇ ਯਕੀਨ ਨਹੀਂ ਕਰਦੇ। ਫਲ ਸਰੂਪ ਉਨ੍ਹਾਂ ਦਾ ਕੰਮ ਬਹੁਤ ਵੱਧ ਜਾਂਦਾ। ਖਿੱਝ ਦਾ ਇੱਕ ਕਾਰਨ ਇਹ ਵੀ ਸੀ। ਇਨ੍ਹਾਂ ਇੱਕਾ ਦੁੱਕਾ ਕੰਮਜ਼ੋਰੀਆਂ ਤੋਂ ਬਿਨ੍ਹਾਂ ਉਹ ਬਾਰਾਂ ਵੰਨੀ ਦਾ ਸੋਨਾ ਸਨ। ਅਸਲੀ ਗੁਰੂ ਨਾਨਕ ਦਾ ਸਿੱਖ। ਨਾ ਕਿਸੇ ਦਾ ਹੱਕ ਮਾਰਨਾ ਨਾ ਕਿਸੇ ਨੂੰ ਬਿਗਾਨਾ ਹੱਕ ਖਾਣ ਦੇਣਾ। ਬੇ-ਸ਼ਕ ਇਸ ਸੁਭਾ ਕਾਰਨ ਉਨ੍ਹਾਂ ਨੂੰ ਸਰਵਿਸ ਵਿੱਚ ਬੇ-ਹੱਦ ਨੁਕਸਾਨ ਉਠਾਉਣਾ ਪਿਆ। ਉਨ੍ਹਾਂ ਦੀ ਪਰਮੋਸ਼ਨ ਤੇ ਵੀ ਅਸਰ ਪਿਆ। ਜਦੋਂ ਆਪ ਕਰਨਲ ਰਘਬੀਰ ਸਿੰਘ ਤੋਂ ਬਾਅਦ ਸੈਂਟਰ ਕਮਾਡਿੰਟ ਬਣਕੇ ਮੇਰਠ ਆਏ ਤਾਂ ਉਨ੍ਹਾਂ ਦੇ ਕਿਸੇ ਖਾਸ ਬੰਦੇ ਨੇ ਦੱਸ ਦਿੱਤਾ ਕਿ ਕੁਝ ਕੀਮਤੀ ਟਾਹਲੀਆਂ ਵੱਢਕੇ ਉਨ੍ਹਾਂ ਦੇ ਕਾਰਪੈਂਟਰ ਤੋਂ ਬਕਸੇ ਬਣਾਕੇ ਯੂ.ਪੀ. ਸਬ ਏਰੀਆ ਕਮਾਂਡਰ ਮੇਜਰ ਜਨਰਲ ਸੁਬੇਗ ਸਿੰਘ (ਬੰਗਲਾ ਦੇਸ਼ ਵਿੱਚ ਮੁਕਤੀ ਵਾਹਿਨੀ ਫੌਜ ਬਣਾਉਣ ਵਾਲੇ) ਨੂੰ ਭੇਜੇ ਹਨ। ਤਾਂ ਇਨ੍ਹਾਂ ਨੇ ਜਨਰਲ ਸਾਹਿਬ ਨੂੰ ਪੰਜ ਸੌ ਰੁਪਏ ਦਾ ਬਿੱਲ ਬਣਾਕੇ ਭੇਜ ਦਿੱਤਾ ਕਿ ਇਹ ਟਾਹਲੀਆਂ ਪੰਜਾਬ ਸੈਂਟਰ ਦੀ ਮਲਕੀਅਤ ਸਨ। ਜਨਰਲ ਸੁਬੇਗ ਸਿੰਘ ਨੂੰ ਬਿੱਲ ਦੇਖਕੇ ਅੱਗ ਲੱਗ ਗਈ। ਥੋਹੜੇ ਦਿਨਾਂ ਬਾਅਦ ਉਨ੍ਹਾਂ ਪੰਜਾਬ ਰਜਮੈਂਟ ਸੈਂਟਰ ਦਾ ਮੁਆਇਨਾ ਰੱਖ ਦਿੱਤਾ ਤੇ ਕਰਨਲ ਸਾਹਿਬ ਦੀ ਰਿਪੋਰਟ ਖਰਾਬ ਲਿਖ ਦਿੱਤੀ ਕਿ ਇਨ੍ਹਾਂ ਦਾ ਕਮਾਂਡ ਕੰਟਰੋਲ ਠੀਕ ਨਹੀਂ, ਜਵਾਨਾਂ ਤੇ ਰਕਰੂਟਾਂ ਦਾ ਮੌਰਲ (ਹੌਸਲਾ) ਠੀਕ ਨਹੀਂ। ਸਿੱਟੇ ਵਜੋਂ ਕਰਨਲ ਸਾਹਿਬ ਦੀ ਪਰਮੋਸ਼ਨ ਰੁਕ ਗਈ। ਬਰਗੇਡੀਅਰ ਨਾ ਬਣ ਸਕੇ ਤੇ ਫੁੱਲ ਕਰਨਲ ਹੀ ਰਿਟਾਇਰਡ ਹੋਏ। ਕੁਦਰਤ ਦੇ ਰੰਗ ਵੇਖੋ। ਜਨਰਲ ਸੁਬੇਗ ਸਿੰਘ ਦੇ ਰਿਟਾਇਰਡ ਹੋਣ ਤੋਂ ਇੱਕ ਦਿਨ ਪਹਿਲਾਂ ਉਨ੍ਹਾਂ ਉਤੇ ਦੋਸ਼ ਲਾਕੇ ਕਿ ਇਨ੍ਹਾਂ ਬੰਗਲਾ ਦੇਸ਼ ਵਿੱਚੋਂ ਲੁੱਟ ਦਾ ਸਮਾਨ ਜਮਾ ਨਹੀਂ ਕਰਵਾਇਆ। ਇਨ੍ਹਾਂ ਦਾ ਕੋਰਟ ਮਾਰਸ਼ਲ ਰੱਖ ਦਿੱਤਾ। ਜੋ ਜੱਜਾਂ ਦੀ ਜਿਊਰੀ ਬਿਠਾਈ ਗਈ। ਉਨ੍ਹਾਂ ਵਿੱਚ ਕਰਨਲ ਵਾਸੂਦੇਵਨ ਵੀ ਸਨ। ਜਿਨ੍ਹਾਂ ਦੀ ਥੋੜ੍ਹਾ ਚਿਰ ਪਹਿਲਾਂ ਇਨ੍ਹਾਂ ਰਿਪੋਰਟ ਖਰਾਬ ਕੀਤੀ ਸੀ। ਫਿਰ ਇਸੇ ਕਰਨਲ ਸਾਹਿਬ ਨੂੰ ਜਨਰਲ ਸੁਬੇਗ ਸਿੰਘ ਕਹਿਣ ਲੱਗੇ ਕਿ ਵਾਸੂ ਮੇਰਾ ਖਿਆਲ ਰੱਖਣਾ। ਇਹ ਗੱਲ ਖੁਦ ਵਾਸੂਦੇਵਨ ਸਾਹਿਬ ਨੇ ਮੈਨੂੰ ਦੱਸੀ। ਬੰਗਲਾ ਦੇਸ਼ ਦੀ ਜੰਗ ਵਿੱਚ ਲੁੱਟ ਦੀ ਵਗਦੀ ਗੰਗਾ ਵਿੱਚ ਇਸ਼ਨਾਨ ਸਭਨੇ ਕੀਤਾ ਪਰ ਹਿੰਦ ਸਰਕਾਰ ਦਾ ਨਜ਼ਲਾ ਜਨਰਲ ਸੁਬੇਗ ਸਿੰਘ ਉੱਤੇ ਹੀ ਝੜਿਆ। ਉਸਦੀ ਮਿਲਟਰੀ ਦੀ ਯੋਗਤਾ ਨੂੰ ਤਾਂ ਉਸਦੇ ਦੁਸ਼ਮਣ ਵੀ ਮੰਨਦੇ ਸਨ। ਸ੍ਰੀ ਅਮ੍ਰਿਤਸਰ ਵਿਖੇ ਮੁੱਠੀ ਭਰ ਅਣਸਿੱਖੇ ਜਵਾਨਾਂ ਦੇ ਨਾਲ ਹਿੰਦ ਦੀਆਂ ਫੌਜਾਂ ਦੇ ਦੰਦ ਖੱਟੇ ਕੀਤੇ। ਇਹ ਇੱਕ ਇਤਿਹਾਸਕ ਸਚਾਈ ਹੈ। ਜਨਰਲ ਸੁਬੇਗ ਸਿੰਘ ਵਰਗਾ ਪੈਂਤੜੇਬਾਜ਼ ਜਰਨੈਲ ਹਰ ਕੋਈ ਨਹੀਂ ਹੋ ਸਕਦਾ। ਵਾਸੂਦੇਵਨ ਸਾਹਿਬ ਨੇ ਜੋ ਪਹਿਲੇ ਕਰਨਲ ਸਾਹਿਬ ਦੇ ਸਮੇਂ ਧਾਂਦਲੀਆਂ ਹੋਈਆਂ, ਉਹਨਾਂ ਦੀ ਇਨਕੁਆਰੀ ਸ਼ੁਰੂ ਕਰਵਾ ਦਿੱਤੀ। ਉਨ੍ਹਾਂ ਨੂੰ ਉਨ੍ਹਾਂ ਦੇ ਕਿਸੇ ਹਿਤੈਸ਼ੀ ਨੇ ਦੱਸ ਦਿੱਤਾ ਕਿ ਜੋ ਸ਼ਹੀਦਾਂ ਦੀ ਯਾਦ ਵਿੱਚ ਗੁਰਦੁਆਰਾ ਉਸਾਰਿਆ ਗਿਆ ਹੈ। ਉਸਦੀਆਂ ਅਵਲ ਵੰਨ ਇੱਟਾਂ ਕਰਨਲ ਰਘਬੀਰ ਸਿੰਘ ਦੀ ਕੋਠੀ ਨੂੰ ਲੱਗੀਆਂ ਹਨ ਤੇ ਗੁਰਦੁਆਰੇ ਦੀਆਂ ਨੀਹਾਂ ਵਿੱਚ ਸੂਰਾਂ ਦੇ ਖੁੱਡੇ ਢਾਹ ਕੇ ਪੁਰਾਣੀਆਂ ਇੱਟਾਂ ਪਾਈਆਂ ਗਈਆਂ ਹਨ ਜੋ ਸਾਬਿਤ ਹੋ ਗਈਆਂ।



ਇਹ ਤਸਵੀਰ 25 ਅਕਤੂਬਰ 1973 ਦੀ ਹੈ ਜਦੋਂ ਗਿਆਨੀ ਕੇਵਲ ਸਿੰਘ ਨਿਰਦੋਸ਼ ਜੀ ਦੀ ਪੋਸਟਿੰਗ ਪੰਜਾਬ ਰਜਮੈਂਟਲ ਸੈਂਟਰ ਮੇਰਠ ਦੀ ਹੋਈ ਸੀ। ਉਦੋਂ ਉਨ੍ਹਾਂ ਦੀ ਪਲਟਨ ਚੌਦਾਂ ਪੰਜਾਬ ( ਨਾਭਾ ਅਕਾਲ ) ਉਦੋਂ ਗਯਾ ਜੀ ਸੀ। ਪਲਟਨ ਦੇ ਅਫਸਰਾਂ ਜਵਾਨਾਂ ਬੜੇ ਸਨਮਾਨ ਨਾਲ ਮੈਨੂੰ ਸੈਂਟਰ ਨੂੰ ਵਿਦਾ ਕੀਤਾ।



ਚਲਦਾ...

52 YEARS OF EXCELLENCE
THE LINK GROUP
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


ਸਪੈਸ਼ਲ ਸੇਲ !
www.dream-carpets.com
dream
carpets
Shaw FLOORS
Ansonylon
STAINMASTER CARPET
ClearTouch
from $1.98 SF
Berber
Installed
Textured Saxony
Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From
.78 cent
Berber
Starts From
.78 cent
Area Rug (5x8)
Starts From
$68
ਘੱਟ ਕੀਮਤਾਂ ਦੀ
ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING
LIKE DREAM CARPETS
SERVING WESTERN CANADA
FOR OVER 30 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Perry



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

**ਸਿਰਫ $10 ਖਰਚਾ** **ਸੰਪਰਕ : ਹਰਦਮ ਸਿੰਘ ਮਾਨ : 604-308-6663**

## MATRIMONIALS

### ਲੜਕੀ ਦੀ ਲੋੜ

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 35 ਸਾਲ , ਕੱਦ 5'9", ਕਲੀਨ ਸ਼ੇਵ, ਲੜਕੇ ਦਾ ਅਪਣਾ ਕਿਚਨ ਕੈਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ।ਸੰਪਰਕ-604-710-7593

****************

ਕੈਨੇਡਾ 'ਚ ਰਹਿ ਰਿਹਾ ਪੀ ਆਰ ਜੱਟ ਸਿੱਖ ਸਿੱਧੂ ਲੜਕਾ ਉਮਰ 32 ਸਾਲ, ਕੱਦ 6 ਫੁੱਟ 1 ਇੰਚ ਵਾਸਤੇ ਕੈਨੇਡਾ ਦੀ ਇੰਮੀਗਰਾਂਟ/ਸਿਟੀਜ਼ਨ ਲੜਕੀ ਦੀ ਲੋੜ ਹੈ। ਵਿਜ਼ਟਰ ਜਾਂ ਪੜ੍ਹਾਈ ਲਈ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ।ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-832-2564

****************

ਜੱਟ ਸਿੱਖ ਉਮਰ 24 ਸਾਲ, ਕੱਦ 5 ਫੁੱਟ 6 ਇੰਚ ਜਿਸਨੇ ਇੰਡੀਆ 'ਚ ਪਿਛਲੇ ਸਾਲ Bachelor of Multimedia ਦੀ ਡਿਗਰੀ ਕੀਤਾ ਹੈ। ਮਾ-ਪਿਓ ਡੇਟਲਾ ਬ੍ਰਿਟਿਸ਼ ਕੋਲੋਂਬੀਆ, ਕੈਨੇਡਾ 'ਚ ਪੀ.ਆਰ. ਹਨ। ਇੰਡੀਆ ਅਤੇ ਕੈਨੇਡਾ 'ਚ ਕੋਈ ਪ੍ਰਾਪਰਟੀ ਨਹੀਂ। ਲੜਕਾ ਚੰਗੇ ਸੁਭਾਅ ਦੇ ਨਾਲ ਨਾਲ Non-Drinker ਵੀ ਹੈ।

ਹੋਰ ਜਾਣਕਾਰੀ ਲਈ ਸੰਪਰਕ ਨੰਬਰ **604-347-5271**

****************

ਜੱਟ ਸਿੱਖ ਚਾਹਲ ਉਮਰ 23 ਸਾਲ, ਕੱਦ 6'1", 12ਵੀਂ ਪਾਸ, ਹੈਵੀ ਡਰਾਈਵਿੰਗ ਲਾਇਸੰਸ ਹੋਲਡਰ, ਇੰਡੀਆ ਵਿਚ ਆਪਣਾ ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਵੱਡੀ ਭੈਣ ਹੈ ਜੋ ਕੈਨੇਡਾ ਵਿਚ ਸੈਟਲ ਹੈ। ਚਾਹਵਾਨ ਸੰਪਰਕ ਕਰਨ- 604-842-4990, +91-98550-00731 (ਸਿਰਫ ਵਟਸਐਪ)

****************

ਜੱਟ ਸਿੱਖ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਗਰੈਜੁਏਟ, ਫੈਮਿਲੀ ਬਿਜਨਸ ਵਿੱਚ ਮੈਨੇਜਰ, ਇੰਡੀਆ' ਚ ਰਹਿੰਦੇ ਲੜਕੇ ਲਈ ਕੈਨੇਡਾ 'ਚ ਸਟਡੀ ਵੀਜਾ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਜੇਕਰ ਲੋੜ ਪਵੇ ਤਾਂ ਪੜ੍ਹਾਈ ਦੇ ਖਰਚੇ ਦੀ ਮਦਦ ਵੀ ਕਰ ਸਕਦੇ ਹਾਂ। ਲੜਕੇ ਦੀਆਂ ਦੋ ਭੈਣਾ ਵਿੱਚੋ ਇਕ ਕੈਨੇਡਾ 'ਚ ਪੀ.ਆਰ. ਹੈ।

ਚਾਹਵਾਨ ਸਪੰਰਕ ਕਰੋ-ਫੋਨ ਨੰਬਰ 77837 89444

****************

ਜੱਟ ਸਿੱਖ ਬਰਾੜ ਲੜਕਾ ਕਨੇਡੀਅਨ ਸਿਟੀਜ਼ਨ, ਉਮਰ 28, ਕੱਦ 6' ਲਈ ਕੈਨੇਡੀਅਨ ਸਿਟੀਜ਼ਨ / ਵਿਜ਼ੀਟਰ / ਸਟੱਡੀ ਵੀਜ਼ਾ ਲੜਕੀ ਦੀ ਲੋੜ ਹੈ। ਵੈਨਕੋਵਰ ਅਤੇ ਕੈਲਗਰੀ ਨੂੰ ਪਹਿਲ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604-818-5780

****************

ਜੱਟ ਪਰਿਵਾਰ ਦਾ ਲੜਕਾ ਉਮਰ 30 ਸਾਲ, ਕੱਦ 5'-8" ਨਸ਼ਾ ਰਹਿਤ, ਕਲੀਨ ਸ਼ੇਵ ਅਤੇ ਕਨੇਡੀਅਨ ਸਿੱਟੀਜ਼ਨ ਵਾਸਤੇ ਲੜਕੀ ਦੀ ਲੋੜ ਹੈ। ਪਰਿਵਾਰ ਕੈਨੇਡਾ ਵਿੱਚ ਵਧੀਆ ਸੈਟ ਹੈ। ਵਧੇਰੇ ਜਾਣਕਾਰੀ ਲਈ ਫੋਨ: 604-655-3336 ਜਾਂ

ਈਮੇਲ ਕਰੋ- happy9284@yahoo.com

****************

ਸ਼ਰਮਾ, ਕੈਨੇਡੀਅਨ ਸੀਟੀਜ਼ਨ 48 ਸਾਲਾਂ, 6 ਫੁੱਟ ਲੰਬੇ ਤਲਾਕਸ਼ੁਦਾ ਲਈ ਲੜਕੀ ਦੀ ਲੋੜ ਹੈ। ਤਲਾਕਸ਼ੁਦਾ, ਵਿਧਵਾ, ਬੱਚਿਆ ਦੇ ਨਾਲ, ਵਰਕ ਪਰਮਿਟ, ਵਿਜ਼ਟਰ ਵੀਜ਼ਾ ਵਾਲੇ ਵੀ ਸੰਪਰਕ ਕਰ ਸਕਦੇ ਹਨ। ਧਰਮ-ਜਾਤ ਦਾ ਕੋਈ ਬੰਧਨ ਨਹੀ।

ਫੋਨ ਨੰਬਰ-778-957-1670

****************

ਇੰਡੀਆ ਵਿਚ ਸਰਵਿਸ ਕਰ ਰਹੀ ਜੱਟ ਸਿੱਖ ਲੜਕੀ, ਜਨਮ 1987, ਕੱਦ 5'3", **Msc, MCA** ਲਈ ਇੰਡੀਆ ਵਿਚ ਨੌਕਰੀਸ਼ੁਦਾ (ਜ਼ਮੀਨ ਜਾਇਦਾਦ ਵਾਲੇ) ਜਾਂ ਕੈਨੇਡਾ, ਅਮਰੀਕਾ ਦੇ ਸਿਟੀਜ਼ਨ/ਪੀ.ਅਰ. ਲੜਕੇ ਦੀ ਲੋੜ ਹੈ। ਸੰਪਰਕ ਫੋਨ ਨੰਬਰ 236-881-7405

****************

27 ਸਾਲਾਂ 5'-7" ਵਰਕ ਪਰਮਿਟ 'ਤੇ ਆਏ ਲੜਕੇ ਲਈ ਪੀ.ਆਰ. ਜਾਂ ਸਟੂਡੈਂਟ ਲੜਕੀ ਦੀ ਲੋੜ ਹੈ।ਸੰਪਰਕ-604-763-3541.

## MATRIMONIALS

### ਲੜਕੇ ਦੀ ਲੋੜ

20 ਸਾਲਾਂ ਤੋਂ ਬੀ ਸੀ ਵਿਚ ਰਹਿ ਰਹੇ ਜੱਟ ਸਿੱਖ ਪਰਿਵਾਰ (ਦੁਆਬਾ ਇਲਾਕਾ) ਨੂੰ ਆਪਣੀ ਕੈਨੇਡੀਅਨ ਸਿਟੀਜ਼ਨ ਬੇਟੀ, ਜਨਮ ਦਸੰਬਰ 1994, ਕੱਦ 5 ਫੁੱਟ 3 ਇੰਚ, **BCIT ਤੋਂ 2 YEARS IT DIPLOMA Holder**, ਜੌਬ ਕਰ ਰਹੀ ਲਈ, ਬੀ ਸੀ ਲੋਅਰ ਮੇਨਲੈਂਡ ਤੋਂ, ਪੀ ਆਰ ਜਾਂ ਸਿਟੀਜ਼ਨ, ਜੱਟ ਸਿੱਖ 26 ਤੋਂ 29 ਸਾਲਾਂ ਦੇ ਪੜ੍ਹੇ ਲਿਖੇ, ਵੈੱਲ ਸੈਟਲਡ ਅੰਮ੍ਰਿਤਧਾਰੀ ਜੀਵਣ ਸਾਥੀ ਦੀ ਲੋੜ ਹੈ। ੍ਰਦਚਣਟ ਚਹੋਟੋ ਅਨਦ ਬੋਦਿੳਟੳ ਲਈ ਮਾਪਿਆਂ ਨਾਲ ਸੰਪਰਕ ਕਰੋ- ਵਟਸਐਪ ਅਤੇ ਕਾਲ : 778-801-9037 talwanid@hotmlal.ca

****************

34 ਸਾਲਾਂ 5'-3" **M.A. B.Ed.** ਨੈਨੀ ਵਰਕ ਪਰਮਿਟ 'ਤੇ ਕੈਨੇਡਾ ਰਹਿ ਰਹੀ ਸਿੱਖ ਲੜਕੀ ਲਈ ਪੀ.ਆਰ. ਲੜਕੇ ਦੀ ਲੋੜ ਹੈ।ਸੰਪਰਕ- 604-763-3541.

****************

### ਲੜਕੇ ਦੀ ਲੋੜ

ਵੈਨਕੂਵਰ ਵਾਸੀ, ਜੱਟ ਸਿੱਖ ਸਿੱਧੂ ਕੈਨੇਡੀਅਨ ਜੰਮਪਲ ਲੜਕੀ, 1981, ਕੱਦ 5'2", ਯੂਨੀਵਰਸਿਟੀ ਗਰੈਜੂਏਟ, ਸੀਨੀਅਰ ਮਾਰਕੀਟਿੰਗ ਮੈਨੇਜਰ ਲਈ ਕੈਨੇਡਾ ਦੇ ਜੰਮਪਲ, ਪ੍ਰੋਫੈਸ਼ਨਲ ਜੌਬ ਕਰਦੇ ਲੜਕੇ ਦੀ ਲੋੜ ਹੈ। ਗਰੇਟਰ ਵੈਨਕੂਵਰ ਏਰੀਆ ਨੂੰ ਤਰਜੀਹ ਦਿੱਤੀ ਜਾਵੇਗੀ। ਹੋਰ ਜਾਣਕਾਰੀ ਲਈ ਸੰਪਰਕ ਕਰੋ- 604-319-0662, Email: dharam.sidhu@yahoo.com

****************

### ਲੜਕੀ ਦੀ ਲੋੜ

ਜੱਟ ਸਿੱਖ ਕੈਨੇਡੀਅਨ ਸਿਟੀਜ਼ਨ ਲੜਕਾ, 29 ਸਾਲਾਂ, ਕੱਦ 5 ਫੁੱਟ 7", ਕੈਨੇਡਾ ਪੋਸਟ 'ਚ ਫੁੱਲ ਟਾਇਮ ਜੌਬ ਕਰਦੇ, ਮੌਰਗੇਜ ਅਡਵਾਈਜ਼ਰ ਲਾਇਸੰਸ ਹੋਲਡਰ ਅਤੇ ਰਿਅਲ ਅਸਟੇਟ ਕੰਪਨੀ 'ਚ ਪਾਰਟ ਟਾਇਮ ਜੌਬ ਕਰਦੇ, ਨਸ਼ਿਆਂ ਤੋਂ ਰਹਿਤ, ਲੈਂਡਲੋਰਡ,ਅਰਬਨ ਪ੍ਰਾਪਰਟੀ ਅਤੇ ਐਗਰੀਕਲਚਰ ਲੈਂਡ ਦੇ ਮਾਲਕ, ਸਰੀ/ਡੈਲਟਾ 'ਚ ਆਪਣਾ ਘਰ, ਲਈ ਸੁਦੰਰ, ਸੋਬਰ, ਘਰੇਲੂ, ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਪੀ.ਆਰ ਨੂੰ ਪਹਿਲ। ਸੰਪਰਕ ਕਰੋ- 604-910-3500

****************

ਗੁਰਸਿੱਖ ਲੜਕਾ ਉਮਰ 34 ਸਾਲ ਕੱਦ 5'10" (ਵਰਕਪ੍ਰਮਟ) ਵਾਸਤੇ ਗੁਰਸਿੱਖ ਪੀ ਆਰ(ਕੂ) ਜਾਂ ਸਿਟਿਜ਼ਨ ਲੜਕੀ ਦੀ ਲੋੜ।

ਸਪੰਰਕ:-778-903-0135

****************

ਸਰੀ ਵਿਚ ਰਹਿ ਰਹੇ ਵਰਕ ਪਰਮਿਟ ਹੋਲਡਰ ਜੱਟ ਸਿੱਖ ਗਿੱਲ ਲੜਕਾ (ਮੋਗਾ ਜ਼ਿਲਾ), ਉਮਰ 32 ਸਾਲ, ਕੱਦ 6' ਲਈ ਕੈਨੇਡੀਅਨ ਪੀ.ਆਰ. ਜਾਂ ਵਰਕ ਪਰਮਿਟ ਲੜਕੀ ਦੀ ਲੋੜ ਹੈ। ਵੈਨਕੂਵਰ ਏਰੀਆ ਨੂੰ ਪਹਿਲ।

ਸੰਪਰਕ: 604-809-3121

****************

### ਲੜਕੀ ਦੀ ਲੋੜ

ਕੈਨੇਡੀਅਨ ਜੱਟ ਸਿੱਖ ਗਿੱਲ ਲੜਕਾ, ਉਮਰ 28 ਸਾਲ, ਕੱਦ 5'7", ਲਈ ਕਨੇਡੀਅਨ ਪੀਆਰ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਕੋਲ ਰਾਜਸਥਾਨ (ਭਾਰਤ) ਵਿਚ ਸ਼ਹਿਰੀ ਜਾਇਦਾਦ ਅਤੇ 60 ਕਿੱਲੇ ਜ਼ਮੀਨ ਹੈ। ਰਾਜਸਥਾਨ ਪਿਛੋਕੜ ਵਾਲੇ ਪਰਿਵਾਰ ਨੂੰ ਤਰਜੀਹ ਦਿੱਤੀ ਜਾਵੇਗੀ। ਹੋਰ ਜਾਣਕਾਰੀ ਲਈ ਵਟਸਐਪ ਨੰਬਰ +919667729796 'ਤੇ ਸੰਪਰਕ ਕੀਤਾ ਜਾ ਸਕਦਾ ਹੈ।

****************

### ਲੜਕੀ ਦੀ ਲੋੜ

ਕੈਨਡੀਅਨ ਜੰਮਪਲ ਲੜਕਾ, ਉਮਰ 30 ਸਾਲ, ਕੱਦ 5' 10", ਮਕੈਨੀਕਲ ਇੰਜਨੀਅਰ ਦੀ ਜੌਬ ਕਰ ਰਿਹਾ ਹੈ, ਲਈ ਕੈਨੇਡੀਅਨ ਸਿਟੀਜ਼ਨ ਜਾਂ ਇਮੀਗਰਾਂਟ ਲੜਕੀ ਦੀ ਲੋੜ ਹੈ। ਸੰਪਰਕ: 778-896-2843

ਈਮੇਲ: g.gurbachan@gmall.com

### ਵਰ ਦੀ ਲੋੜ

ਕੈਨੇਡੀਅਨ ਜੱਟ ਸਿੱਖ ਗਿੱਲ, ਉਮਰ 29 ਸਾਲ, ਕੱਦ 5'6", ਕੈਂਸਰ ਹਸਪਤਾਲ ਵੈਨਕੂਵਰ ਵਿੱਚ ਬਤੌਰ MUC ਸਰਵਿਸ ਕਰਦੀ ਲੜਕੀ ਲਈ ਕਨੇਡੀਅਨ ਪੀਆਰ ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਦੇ ਪਰਿਵਾਰ ਦਾ ਪਿਛੋਕੜ ਰਾਜਸਥਾਨ (ਭਾਰਤ) ਨਾਲ ਸਬੰਧਤ ਹੈ ਅਤੇ ਰਾਜਸਥਾਨ ਪਿਛੋਕੜ ਵਾਲੇ ਪਰਿਵਾਰ ਨੂੰ ਤਰਜੀਹ ਦਿੱਤੀ ਜਾਵੇਗੀ। ਹੋਰ ਜਾਣਕਾਰੀ ਲਈ ਵਟਸਐਪ ਨੰਬਰ +919667729796 'ਤੇ ਸੰਪਰਕ ਕੀਤਾ ਜਾ ਸਕਦਾ ਹੈ।

### ਲੜਕੀ ਦੀ ਲੋੜ

ਜੱਟ ਸਿੱਖ ਲੜਕਾ, ਉਮਰ 46 ਸਾਲ, ਯੋਗਤਾ ਡਬਲ ਐਮ ਏ, ਟ੍ਰਿਪਲ ਡਿਪਲੋਮਾ, ਸਰਕਾਰੀ ਜੌਬ, 15 ਸਾਲ ਦਾ ਤਜ਼ੁਰਬਾ, ਹੁਣ ਬੀਸੀ, ਕੈਨੇਡਾ ਵਿਚ ਵਿਜ਼ਟਰ ਵੀਜ਼ੇ ਉਪਰ ਆਏ ਵਾਸਤੇ ਕੈਨੇਡੀਅਨ ਲੜਕੀ ਦੀ ਲੋੜ ਹੈ। ਲੜਕੇ ਦੀ ਪੰਜਾਬ ਵਿਚ ਆਪਣੀ ਸ਼ਹਿਰੀ ਕੋਠੀ ਤੇ ਪਿੰਡ ਵਿਚ ਜ਼ਮੀਨ ਹੈ। ਚਾਹਵਾਨ ਸੰਪਰਕ ਕਰੋ । ਫੋਨ ਨੰਬਰ- 778-598- 9013 ਜਾਂ ਇੰਡੀਆ ਵਟਸਐਪ ਨੰਬਰ 98724-39814

## EMPLOYMENTS

### ਵਰਕਰਾਂ ਦੀ ਲੋੜ

ਸਰੀ ਵਿੱਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿਤੀ ਜਾਵੇਗੀ। ਸਰੀ ਅਤੇ ਡੈਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ।

ਅੱਜ ਹੀ ਸੰਪਰਕ 604-307-7008

### ਇੰਸ਼ੋਰੈਂਸ ਸੇਵਾਵਾਂ

ਕਿਸੇ ਵੀ ਤਰ੍ਹਾਂ ਦੀ ਇੰਸ਼ੋਰੈਂਸ ਦੀਆਂ ਸੇਵਾਵਾਂ ਲਈ ਸੰਪਰਕ ਕਰੋ 604-377-4085

### WORKER REQUIRED

**GALAXY IDP CONSTRUCTION LTD.**

**Full Time Hiring Workers**

Construction painter supervisor (2)

Insulator (2)

Painter (3)

Email: galaxyinsulationdrywall@gmail.com

**Phone: 604-366-6000**

**www.gidl.ca**

### ਲੜਕੀ ਦੀ ਲੋੜ

37 ਸਾਲਾਂ 5' 6" ਅਨਮੈਰਿਡ ਹਿੰਦੂ ਵਰਮਾ ਵਰਕ ਪਰਮਿਟ ਸਰੀ 'ਚ ਰਹਿੰਦੇ ਸੋਹਣੇ ਮੁੰਡੇ (ਇੰਡੀਅਨ ਬੈਕਗਰਾਊਂਡ ਪੰਜਾਬ) ਲਈ ਸਿਟੀਜ਼ਨ/ਪੀ.ਆਰ., ਸਟੂਡੈਂਟ ਵੀਜ਼ਾ, ਟੈਂਮਪਰੇਰੀ ਵੀਜ਼ਾ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ।

ਸੰਪਰਕ ਕਰੋ:- 7783210986

Exp. 6 Jan

### ਵਰ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੀ ਸੋਹਣੀ ਸੁਨੱਖੀ ਕੈਨੇਡਾ ਦੀ ਜੰਮਪਲ ਲੜਕੀ, ਉਮਰ 34 ਸਾਲ, ਕੱਦ 5'-6", ਲਾਅ ਡਿਗਰੀ, ਲਾਅ ਫਰਮ ਨਾਲ ਕੰਮ ਕਰ ਰਹੀ ਹੈ, ਲਈ ਢੁਕਵੇਂ ਵਰ ਦੀ ਲੋੜ ਹੈ। ਲੜਕਾ ਕੈਨੇਡਾ ਦਾ ਜੰਮਪਲ, ਪੇਸ਼ੇਵਰ ਤੌਰ 'ਤੇ ਪੜ੍ਹਿਆ-ਲਿਖਿਆ ਅਤੇ ਨੌਕਰੀ ਕਰਦਾ, ਵੈੱਲ ਸੈਟਲਡ ਅਤੇ ਜੱਟ ਸਿੱਖ ਪਰਿਵਾਰ ਵਿੱਚੋਂ ਹੋਣਾ ਚਾਹੀਦਾ ਹੈ। ਸੰਪਰਕ ਕਰੋ: 1-604-834-7232 ਜਾਂ 1-604-615-8088

### ਕੰਨਿਆਂ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦਾ ਕੈਨੇਡਾ ਜੰਮਪਲ ਸੁੰਦਰ ਲੜਕਾ, ਉਮਰ 29 ਸਾਲ, ਕੱਦ 5'-11" ਵੈੱਲ-ਸੈਟਲਡ, ਆਰਕੀਟੈਕਟ ਅਤੇ ਰੀਅਲ ਅਸਟੇਟ ਦਾ ਕਾਰੋਬਾਰ ਕਰ ਰਿਹਾ ਹੈ, ਲਈ ਕੰਨਿਆਂ ਦੀ ਲੋੜ ਹੈ। ਲੜਕੀ ਕੈਨੇਡੀਅਨ ਨਾਗਰਿਕ/ਪੀ.ਆਰ. ਅਤੇ ਪੇਸ਼ੇਵਰ ਤੌਰ 'ਤੇ ਪੜ੍ਹੀ-ਲਿਖੀ ਹੋਣੀ ਚਾਹੀਦੀ ਹੈ। ਸੰਪਰਕ ਕਰੋ: 1-604-832-7232 ਜਾਂ 1 - 604-615-8088

### ਵਰ ਦੀ ਲੋੜ

ਕੈਨੇਡੀਅਨ ਸਿਟੀਜ਼ਨ ਜੱਟ ਸਿੱਖ ਬਰਾੜ, ਉਮਰ 29 ਸਾਲ, ਕੱਦ 5'6", ਦੋ ਸਾਲਾ ਬਿਜਨਸ ਡਿਪਲੋਮਾ ਅਤੇ ਇਮੀਗਰੇਸ਼ਨ ਲਾਇਸੈਂਸ ਹੋਲਡਰ, ਇੰਸ਼ੋਰੈਂਸ ਅਤੇ ਇਮੀਗਰੇਸ਼ਨ ਦਾ ਕੰਮ ਕਰ ਰਹੀ ਲੜਕੀ ਲਈ ਯੋਗ ਵਰ ਦੀ ਲੋੜ ਹੈ। ਮਾਲਵਾ ਜਾਂ ਸਰੀ ਨੂੰ ਪਹਿਲ।

ਸੰਪਰਕ: 236-591-2719 (Whats app)

### ਆਫਿਸ ਲਈ ਸਪੇਸ ਕਿਰਾਏ/ਲੀਜ਼ 'ਤੇ

500 ਫੁੱਟ ਤੋਂ 1000 ਸੁਕੂਏਅਰ ਫੁੱਟ, ਸਕੋਟ ਰੋਡ 'ਤੇ ਪਰਾਇਮ ਲੋਕੇਸ਼ਨ. ਹੋਰ ਜਾਣਕਾਰੀ ਲਈ ਕਾਲ- 604-339-2389

# ਇਜ਼ਰਾਇਲੀ ਹਮਲੇ ’ਚ 16 ਫਲਸਤੀਨੀ ਹਲਾਕ

ਰਾਫ਼ਾਹ-ਇਜ਼ਰਾਈਲ ਵੱਲੋਂ ਦੱਖਣੀ ਗਾਜ਼ਾ ਦੇ ਰਾਫ਼ਾਹ ‘ਚ ਕੀਤੇ ਗਏ ਹਵਾਈ ਹਮਲੇ ਵਿੱਚ 16 ਵਿਅਕਤੀ ਮਾਰੇ ਗਏ। ਮ੍ਰਿਤਕਾਂ ‘ਚ ਅੱਠ ਬੱਚੇ ਸ਼ਾਮਲ ਹਨ। ਫ਼ੌਜ ਵੱਲੋਂ ਉਨ੍ਹਾਂ ਇਲਾਕਿਆਂ ਨੂੰ ਵੀ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਜਿਥੇ ਆਮ ਲੋਕਾਂ ਨੂੰ ਪਨਾਹ ਲੈਣ ਲਈ ਆਖਿਆ ਗਿਆ ਸੀ। ਬੰਧਕਾਂ ਲਈ ਭੇਜੀਆਂ ਗਈਆਂ ਦਵਾਈਆਂ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਹੈ ਕਿ ਉਹ ਇਲਾਕੇ ‘ਚ ਪਹੁੰਚ ਗਈਆਂ ਹਨ ਜਾਂ ਨਹੀਂ। ਫਰਾਂਸ ਅਤੇ ਕਤਰ ਵੱਲੋਂ ਸਮਝੌਤੇ ਮਗਰੋਂ ਬੰਧਕਾਂ ਲਈ ਦਵਾਈਆਂ ਭੇਜੀਆਂ ਗਈਆਂ ਸਨ। ਹਮਾਸ ਨੇ ਕਿਹਾ ਹੈ ਕਿ ਬੰਧਕਾਂ ਨੂੰ ਭੇਜੇ ਜਾਣ ਵਾਲੇ ਦਵਾਈਆਂ ਦੇ ਹਰੇਕ ਬਕਸੇ ਦੇ ਬਦਲੇ ‘ਚ ਫਲਸਤੀਨੀ ਨਾਗਰਿਕਾਂ ਲਈ ਇਕ ਹਜ਼ਾਰ ਬਕਸੇ ਭੇਜੇ ਜਾਣਗੇ। ਇਸ ਤੋਂ ਇਲਾਵਾ ਭੋਜਨ ਅਤੇ ਮਾਨਵੀ ਸਹਾਇਤਾ ਵੀ ਭੇਜੀ ਜਾਵੇਗੀ। ਕਤਰ ਨੇ ਪੁਸ਼ਟੀ ਕੀਤੀ ਹੈ ਕਿ ਦਵਾਈਆਂ ਗਾਜ਼ਾ ਅੰਦਰ ਦਾਖ਼ਲ ਹੋ ਗਈਆਂ ਹਨ ਪਰ ਇਹ ਸਪੱਸ਼ਟ ਨਹੀਂ ਹੈ ਕਿ ਉਹ ਬੰਧਕਾਂ ‘ਚ ਵੰਡੀਆਂ ਗਈਆਂ ਹਨ ਜਾਂ ਨਹੀਂ। ਗਾਜ਼ਾ ‘ਚ ਪਿਛਲੇ ਪੰਜ ਦਿਨਾਂ ਤੋਂ ਇੰਟਰਨੈੱਟ ਅਤੇ ਮੋਬਾਈਲ ਸੇਵਾਵਾਂ ਠੱਪ ਪਈਆਂ ਹਨ। ਹਮਾਸ ਵੱਲੋਂ ਬੰਧਕ ਬਣਾਏ ਗਏ ਵਿਅਕਤੀਆਂ ‘ਚ ਇਕ ਬੱਚਾ ਕਫ਼ੀਰ ਬਿਬਾਸ ਵੀ ਸ਼ਾਮਲ ਹੈ ਜਿਸ ਦੇ ਪਰਿਵਾਰਕ ਮੈਂਬਰਾਂ ਨੇ ਤਲ ਅਵੀਵ ‘ਚ ਵੀਰਵਾਰ ਨੂੰ ਉਸ ਦਾ ਪਹਿਲਾ ਜਨਮਦਿਨ ਮਨਾਇਆ। ਬੰਧਕਾਂ ‘ਚ ਉਸ ਦਾ ਚਾਰ ਸਾਲਾਂ ਦਾ ਭਰਾ ਏਰੀਅਲ, ਮਾਂ ਸ਼ੀਰੀ ਅਤੇ ਪਿਤਾ ਯਾਰਡਨ ਵੀ ਸ਼ਾਮਲ ਹਨ। ਇਜ਼ਰਾਈਲ ਨੇ ਸਾਰੇ ਬੰਧਕਾਂ ਨੂੰ ਤੁਰੰਤ ਰਿਹਾਅ ਕਰਨ ਦੀ ਮੰਗ ਕੀਤੀ ਹੈ। ਇਜ਼ਰਾਈਲ ਨੇ ਕਿਹਾ ਕਿ ਉਹ ਹਮਾਸ ਦੇ ਖ਼ਾਤਮੇ ਤੱਕ ਗਾਜ਼ਾ ‘ਚ ਹਮਲੇ ਕਰਦਾ ਰਹੇਗਾ।



# ਥਾਈਲੈਂਡ ਦੀ ਪਟਾਕਾ ਫੈਕਟਰੀ ’ਚ ਜ਼ਬਰਦਸਤ ਧਮਾਕਾ, 15 ਲੋਕਾਂ ਦੀ ਮੌਤ

ਬੈਂਕਾਕ-ਥਾਈਲੈਂਡ ‘ਚ ਪਟਾਕੇ ਬਣਾਉਣ ਵਾਲੀ ਫੈਕਟਰੀ ‘ਚ ਜ਼ਬਰਦਸਤ ਧਮਾਕਾ ਹੋਇਆ ਹੈ। ਇਸ ਜ਼ਬਰਦਸਤ ਧਮਾਕੇ ਕਾਰਨ 15 ਲੋਕਾਂ ਦੇ ਮਾਰੇ ਜਾਣ ਦੀ ਖਬਰ ਹੈ। ਰਿਪੋਰਟ ਦੇ ਅਨੁਸਾਰ, ਇੱਕ ਬਚਾਅ ਕਰਮਚਾਰੀ ਦਾ ਕਹਿਣਾ ਹੈ ਕਿ ਇਹ ਧਮਾਕਾ ਮੱਧ ਥਾਈਲੈਂਡ ਵਿੱਚ ਇੱਕ ਪਟਾਕਿਆਂ ਦੀ ਫੈਕਟਰੀ ਵਿੱਚ ਹੋਇਆ। ਇਸ ਧਮਾਕੇ ‘ਚ ਘੱਟੋ-ਘੱਟ 15 ਲੋਕਾਂ ਦੀ ਮੌਤ ਹੋ ਗਈ। ਮੌਤਾਂ ਦੀ ਇਹ ਗਿਣਤੀ ਹੋਰ ਵਧ ਸਕਦੀ ਹੈ। ਮੀਡੀਆ ਰਿਪੋਰਟਾਂ ਮੁਤਾਬਕ ਸੁਫਾਨ ਬੁਰੀ ਸੂਬੇ ਦੇ ਸਥਾਨਕ ਬਚਾਅ ਕਰਮਚਾਰੀਆਂ ਨੇ ਫੋਟੋਆਂ ਆਨਲਾਈਨ ਪੋਸਟ ਕੀਤੀਆਂ ਹਨ। ਦੇਖਿਆ ਜਾਵੇ ਤਾਂ ਫੈਕਟਰੀ ਪੂਰੀ ਤਰ੍ਹਾਂ ਤਬਾਹ ਹੋ ਚੁੱਕੀ ਹੈ। ਥਾਈਲੈਂਡ ‘ਚ ਪਟਾਕਿਆਂ ਦੀ ਫੈਕਟਰੀ ‘ਚ ਪਹਿਲਾਂ ਵੀ ਵੱਡਾ ਧਮਾਕਾ ਹੋ ਚੁੱਕਾ ਹੈ। ਪਿਛਲੇ ਸਾਲ ਜੁਲਾਈ ਵਿੱਚ ਥਾਈਲੈਂਡ ਵਿੱਚ ਪਟਾਕੇ ਬਣਾਉਣ ਵਾਲੀ ਫੈਕਟਰੀ ਵਿੱਚ ਵੱਡਾ ਧਮਾਕਾ ਹੋਇਆ ਸੀ। ਇਸ ਧਮਾਕੇ ‘ਚ 9 ਲੋਕਾਂ ਦੀ ਮੌਤ ਹੋ ਗਈ ਸੀ ਅਤੇ 115 ਤੋਂ ਜ਼ਿਆਦਾ ਲੋਕ ਜ਼ਖਮੀ ਹੋ ਗਏ ਸਨ। ਇਹ ਧਮਾਕਾ ਨਰਾਥੀਵਾਸ ਸੂਬੇ ਦੇ ਸੁੰਗਈ ਕੋਲੋਕ ਸ਼ਹਿਰ ਵਿੱਚ ਇੱਕ ਪਟਾਕਾ ਫੈਕਟਰੀ ਵਿੱਚ ਹੋਇਆ ਸੀ।

NORTHCOAST LUMBER 1
CALL THE TRUE CONTRACTORS YARD TODAY
604-597-8884
*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks


14682 - 66th Ave, Surrey, BC, V3S 1Z9
Fax: 604-597-0854
www.lumber1.ca/contractor

METRO CONTRACTING LTD.
Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract


Residential & Commercial
Gurvinder Sanghera: 604-729-1435
Email: gsanghera77@gmail.com

ਸਿਹਤਨਾਮਾ




# ਸੀਲੀਅਕ ਡੀਜੀਜ : ਪਹਿਚਾਣ ਤੇ ਇਲਾਜ

### ਡਾਕਟਰਾਂ ਨੂੰ ਇਸ ਬੀਮਾਰੀ ਬਾਰੇ ਪਤਾ ਕਿਵੇਂ ਲੱਗਦਾ ਹੈ ?

ਅੱਜ ਕੱਲ ਇਸ ਬੀਮਾਰੀ ਦਾ ਪਤਾ ਲਗਭਗ ਕਾਫੀ ਸੌਖਾ ਹੋ ਗਿਆ ਹੈ। ਜਦੋਂ ਡਾਕਟਰਾਂ ਨੂੰ ਉੱਪਰ ਵਾਲੇ ਲੱਛਣਾਂ ਵਾਲੇ ਮਰੀਜ਼ਾਂ ਵਿੱਚ ਇਸ ਬਿਮਾਰੀ ਦਾ ਸ਼ੱਕ ਪੈ ਜਾਂਦਾ ਹੈ ਤਾਂ ਉਹ ਇਸ ਦਾ ਖ਼ੂਨ ਟੈਸਟ ਕਰਦੇ ਹਨ। ਸਾਡੇ ਸ਼ਰੀਰ ਨੂੰ ਜਦੋਂ ਵੀ ਕੋਈ ਵੀ ਚੀਜ਼, ਵਾਇਰਸ ਜਾਂ ਬੈਕਟੀਰੀਆ ਅਟੈਕ ਕਰਦੀ ਹੈ ਤਾਂ ਸਾਡਾ ਸ਼ਰੀਰ ਉਹਨਾਂ ਨਾਲ ਲੜਨ ਲਈ ਐਂਟੀਬੋਡੀਜ ਪੈਦਾ ਕਰਦਾ ਹੈ। ਜਿਹਨਾਂ ਨੂੰ ਸੀਲੀਅਕ ਡੀਜੀਜ ਹੁੰਦੀ ਹੈ ਉਹਨਾਂ ਦੇ ਖ਼ੂਨ ਵਿੱਚ ਇਹ ਐਂਟੀਬੋਡੀਜ ਹੁੰਦੀਆਂ ਹਨ। ਖ਼ੂਨ ਟੈਸਟ ਕਰਨ ਨਾਲ ਇਸ ਬੀਮਾਰੀ ਦਾ ਪਤਾ ਤਾਂ ਲੱਗ ਜਾਂਦਾ ਹੈ ਪਰ ਚੰਗੀ ਤਰ੍ਹਾਂ ਡਾਇਆਗਨੋਜ ਕਰਨ ਲਈ ਮਰੀਜ਼ ਦੀ ਛੋਟੀ ਆਂਦਰ ਦੀ ਅੰਦਰਲੀ ਤਹਿ ਦਾ ਇੱਕ ਛੋਟਾ ਜਿਹਾ ਟੁਕੜਾ ਮੂੰਹ ਰਾਹੀਂ ਅੰਦਰ ਕੈਮਰਾ ਟਿਊਬ ਜਿਸ ਨੂੰ ਐਂਡੋਸਕੋਪੀ ਕਹਿੰਦੇ ਹਨ, ਨਾਲ ਲਿਆ ਜਾਂਦਾ ਹੈ।



ਡਾ: ਕਰਨੈਲ ਸਿੰਘ ਸ਼ੇਰਗਿੱਲ
ਫੈਮਲੀ ਡਾਕਟਰ ਤੇ ਪੇਟ ਦੀਆਂ ਬੀਮਾਰੀਆਂ ਦੇ ਸ਼ਪੈਸ਼ਲਿਸਟ
00447803142642



ਇਸ ਨਾਲ ਬਹੁਤ ਤਕਲੀਫ਼ ਨਹੀ ਹੁੰਦੀ। ਇਸ ਤਰਾਂ ਲਏ ਗਏ ਆਂਦਰ ਦੇ ਇਸ ਛੋਟੇ ਜਿਹੇ ਟੁਕੜੇ ਦਾ ਫਿਰ ਮਾਈਕ੍ਰੋਸਕੋਪ ਥੱਲੇ ਰੱਖ ਕੇ ਮੁਆਇਨਾ ਕੀਤਾ ਜਾਂਦਾ ਹੈ। ਆਂਦਰ ਦੀ ਅੰਦਰਲੀ ਤਹਿ ਇਸ ਬੀਮਾਰੀ ਕਾਰਨ ਖ਼ਰਾਬ ਤੇ ਫਲੈਟ ਹੋਈ ਨਜ਼ਰ ਆਉਂਦੀ ਹੈ ਤੇ ਸਾਫ ਦਿੱਸ ਪੈਂਦੀ ਹੈ। ਇਹ ਇਸ ਬੀਮਾਰੀ ਦਾ ਪੱਕਾ ਟੈਸਟ ਹੈ।

### ਇਸ ਬੀਮਾਰੀ ਦਾ ਇਲਾਜ ਕੀ ਹੈ ?

ਇਸ ਬੀਮਾਰੀ ਦਾ ਇਲਾਜ ਹੈ, ਗਲੂਟਨ ਫਰੀ ਡਾਈਟ ਜਾਨੀ ਉਹ ਖਾਣੇ ਜਿਹਨਾਂ ਵਿੱਚ ਗਲੂਟਨ ਨਾ ਹੋਵੇ ਜਾਂ ਕੱਢ ਲਈ ਹੋਵੇ। ਕਣਕ ਜਾਂ ਰਾਈ ਤੋਂ ਬਣੀ ਜਿਸ ਕੋਈ ਵੀ ਚੀਜ਼ ਨਹੀਂ ਖਾਣੀ ਚਾਹੀਦੀ ਜਿਸ ਵਿੱਚ ਜਾਂ ਹੋਰ ਵੀ ਖਾਣੇ ਜਿਨ੍ਹਾਂ ਵਿੱਚ ਗਲੂਟਨ ਹੋਵੇ, ਬਿਲਕੁਲ ਨਹੀਂ ਖਾਣੇ ਚਾਹੀਦੇ। ਗਲੂਟਨ ਦੀ ਮਮੂਲੀ ਜਿਹੀ ਮਿਕਦਾਰ ਵੀ ਸੀਲੀਅਕ ਡੀਜੀਜ ਕਰ ਸਕਦੀ ਹੈ। ਇਸ ਕਰਕੇ ਕੋਈ ਵੀ ਪਦਾਰਥ, ਜਾਂ ਦਵਾਈਆਂ ਖਰੀਦਣ ਵੇਲੇ ਬੋਤਲਾਂ ਤੇ ਬਕਸਿਆਂ ਤੇ ਲੱਗੇ ਲੇਬਲ ਚੰਗੀ ਤਰ੍ਹਾਂ ਪੜ੍ਹਨੇ ਚਾਹੀਦੇ ਹਨ ਇਹ ਜਾਨਣ ਲਈ ਕਿ ਉਹਨਾਂ ਵਿੱਚ ਗਲੂਟਨ ਤਾਂ ਨਹੀ। ਅੱਜ ਕਲ ਤਾਂ ਹਰ ਤਰਾਂ ਦੇ ਵੰਨ ਸੁਵੰਨੇ ਗਲੂਟਨ ਮੁਕਤ ਖਾਣੇ ਬਜ਼ਾਰਾਂ ਤੋਂ ਖ਼ਰੀਦ ਸਕਦੇ ਹੋ।

ਇਸ ਬੀਮਾਰੀ ਦਾ ਇਲਾਜ ਸਿਰਫ ਇਹੀ ਹੈ ਕਿ ਗਲੂਟਨ ਵਾਲੀ ਖ਼ੁਰਾਕ ਤੇ ਹੋਰ ਪਦਾਰਥ ਸਾਰੀ ਉਮਰ ਬਿਲਕੁਲ ਨਹੀਂ ਖਾਣੇ ਚਾਹੀਦੇ। ਇਹ ਪਰਹੇਜ਼ ਕਰਨ ਨਾਲ ਇਸ ਬੀਮਾਰੀ ਦੇ ਲੱਛਣ ਇੱਕ ਦਮ ਅਲੋਪ ਹੋ ਜਾਂਦੇ ਹਨ ਪਰ ਆਂਦਰ ਨੂੰ ਠੀਕ ਹੁੰਦਿਆਂ ਥੋੜਾ ਜਿਹਾ ਸਮਾਂ ਲਗ ਜਾਂਦਾ ਹੈ। ਨਿਆਣਿਆਂ ਦੀਆ ਆਂਦਰਾਂ ਜਰਾ ਜਲਦੀ ਠੀਕ ਹੋ ਜਾਂਦੀਆਂ ਹਨ। ਗਲੂਟਨ ਦੇ ਪਰਹੇਜ਼ ਕਰਨ ਨਾਲ ਥੋੜੇ ਦਿਨਾਂ ਵਿੱਚ ਹੀ ਸਿਹਤ ਠੀਕ ਹੋ ਜਾਂਦੀ ਹੈ।

ਰੋਟੀਆਂ ਜਾਂ ਚਪਾਤੀਆਂ, ਕਣਕ ਦੇ ਆਟੇ ਦੀ ਜਗ੍ਹਾ ਮੱਕੀ ਦੇ ਆਟੇ ਤੋਂ ਬਣਾਈਆਂ ਜਾ ਸਕਦੀਆਂ ਹਨ। ਮੱਕੀ ਦੇ ਆਟੇ ਤੇ ਚਾਵਲਾਂ ਵਿੱਚ ਗਲੂਟਨ ਬਿਲਕੁਲ ਨਹੀਂ ਹੁੰਦਾ। ਦੇਸੀ ਖਾਣਿਆਂ ਵਿਚੋਂ ਕਣਕ ਕੱਢਣ ਨਾਲ ਬਹੁਤੀ ਗਲੂਟਨ ਨਿਕਲ ਜਾਂਦੀ ਹੈ। ਗਲੂਟਨ ਵਾਲੀਆਂ ਤੇ ਗਲੂਟਨ-ਮੁਕਤ ਖਾਇਆ ਦਾ ਸੂਚੀ ਥੱਲੇ ਦਿੱਤੀ ਗਈ ਹੈ।

### ਖਾਣਿਆਂ ਵਿੱਚ ਕਿੰਨਾ ਗਲੂਟਨ ਸੁਰੱਖਿਅਤ ਹੈ ?

ਸੀਲੀਅਕ ਬਿਮਾਰੀ ਵਾਲੇ ਲੋਕਾਂ ਲਈ, ਖੋਜ ਸੁਝਾਅ ਦਿੰਦੀ ਹੈ ਕਿ ਪ੍ਰਤੀ ਦਿਨ ਗਲੂਟਨ ਦੀ ਖਪਤ ਲਈ ਆਮ ਤੋਰ ਤੇ 10 ਮਿਲੀਗ੍ਰਾਮ ਹੁੰਦੀ ਹੈ। ਗਲੂਟਨ ਸਮੱਗਰੀ ਵਾਲੀ ਖ਼ੁਰਾਕ ਜ਼ਿਆਦਾਤਰ ਲੋਕਾਂ ਨੂੰ 10 ਮਿਲੀਗ੍ਰਾਮ ਤੋਂ ਹੇਠਾਂ ਰੱਖਣੀ ਚਾਹੀਦੀ ਹੈ। ਭੋਜਨ ਵਿੱਚ ਗਲੂਟਨ ਦੀ ਮਾਤਰਾ "ਗਲੂਟਨ-ਮੁਕਤ" ਵਸਤੂਆਂ ਵਿੱਚ 20 ਪੀਪੀਐਮ ਤੋਂ ਘੱਟ ਗਲੂਟਨ ਹੋਣਾ ਚਾਹੀਦਾ ਹੈ। ਜਿਸ ਦਾ ਮਤਲਬ ਇਹ ਹੋਇਆ ਕਿ 10 ਮਿਲੀਗ੍ਰਾਮ ਤੋਂ ਹੇਠਾਂ ਰੱਖਣ ਲਈ ਰੋਜ਼ਾਨਾ ਇੱਕ ਵਿਅਕਤੀ ਸਿਰਫ ਪੈੱਨ ਦੀ ਨੋਕ ਦੇ ਆਕਾਰ ਜਿਨ੍ਹੇ ਆਟੇ ਦੀ ਮਾਤਰਾ ਖਾ ਸਕਦੇ ਹਨ।

### ਇਸ ਕਸਰ ਲਈ ਕੋਈ ਗੋਲੀਆਂ ਵੀ ਹਨ ?

ਇਸ ਕਸਰ ਲਈ ਕੋਈ ਵੀ ਗੋਲੀਆਂ ਨਹੀਂ ਹਨ। ਪਰ ਕਿਸੇ ਕਿਸੇ ਮਰੀਜ਼ ਨੂੰ ਜੋ ਗਲੂਟਨ ਮੁਕਤ ਖ਼ੁਰਾਕ ਨਾਲ ਠੀਕ ਨਹੀਂ ਹੁੰਦੇ, ਸਟੇਰਾਉਡ ਨਾਮ ਦੀਆਂ ਗੋਲੀਆਂ ਖਾਣੀਆਂ ਪੈਂਦੀਆਂ ਹਨ। ਇਹ ਗੋਲੀਆਂ ਸਾਰੀ ਉਮਰ ਨਹੀ ਖਾਦੀਆਂ ਜਾ ਸਕਦੀਆਂ ਕਿਉਂਕਿ ਇਨ੍ਹਾਂ ਨਾਲ ਸਰੀਰ ਨੂੰ ਕਈ ਨੁਕਸਾਨ ਹੋ ਸਕਦੇ ਹਨ।

### ਸਪੈਸ਼ਲ ਖ਼ੁਰਾਕ ਨਾਲ ਵਜ਼ਨ ਤੇ ਵੀ ਕੋਈ ਅਸਰ ਹੁੰਦਾ ਹੈ ?

ਇਸ ਖ਼ੁਰਾਕ ਨਾਲ ਬਹੁਤ ਸਾਰੇ ਮਰੀਜ਼ਾਂ ਦਾ ਭਾਰ ਵੱਧ ਜਾਂਦਾ ਹੈ ਤੇ ਇਸ ਕਰਕੇ ਜਿਆਦਾ ਖਾਣਾ ਨਹੀਂ ਖਾਣਾ ਚਾਹੀਦਾ।

### ਇਹ ਬੀਮਾਰੀ ਦਾ ਪਰਿਵਾਰ ਦੇ ਹੋਰ ਜੀਆਂ ਨੂੰ ਵੀ ਹੋਣ ਦਾ ਖ਼ਤਰਾ ਹੁੰਦਾ ਹੈ ?

ਇਹ ਬੀਮਾਰੀ ਇੱਕ ਪੀੜੀ ਤੋਂ ਅਗਲੀ ਪੀੜੀ ਤੱਕ ਜੀਨ ਦੁਆਰਾ ਪਹੁੰਚ ਜਾਂਦੀ ਹੈ। ਜੇਕਰ ਪਰਿਵਾਰ ਦੇ ਕਿਸੇ ਵੀ ਜੀਅ ਨੂੰ ਇਸ ਬੀਮਾਰੀ ਦੀਆਂ ਨਿਸ਼ਾਨੀਆਂ ਜਾਂ ਲੱਛਣ ਨਜ਼ਰ ਆਉਣ ਤਾਂ ਉਸਨੂੰ ਇਸਦੇ ਟੈਸਟ ਕਰਾਉਣੇ ਚਾਹੀਦੇ ਹਨ। ਮਦਦ ਲਈ ਆਪਣੇ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ।

### ਕੀ ਇਸ ਬੀਮਾਰੀ ਨਾਲ ਬੱਚੇ ਪੈਦਾ ਕਰਨ ਤੇ ਵੀ ਅਸਰ ਪੈਂਦਾ ਹੈ ?

ਜੀ ਹਾਂ। ਮੇਰੀ ਇਸ ਵਿਸ਼ੇ ਤੇ ਖੋਜ ਨੇ ਹੋਰ ਬਹੁਤ ਸਾਰੀਆਂ ਖੋਜਾਂ ਤੋਂ ਸਾਬਤ ਹੋਇਆ ਹੈ ਕਿ ਸੀਲੀਅਕ ਡੀਜੀਜ ਨਾਲ ਔਰਤ ਦੀ ਮਹਾਂਵਾਰੀ ਲੇਟ ਸ਼ੁਰੂ ਹੁੰਦੀ ਹੈ ਤੇ ਉਮਰ ਦੇ ਹਿਸਾਬ ਨਾਲ ਜਲਦੀ ਖਤਮ ਹੋ ਜਾਂਦੀ ਹੈ। ਮਰੀਜ਼ ਔਰਤਾਂ ਨੂੰ ਬੱਚੇ ਘੱਟ ਪੈਦਾ ਹੁੰਦੇ ਹਨ ਤੇ ਕਈ ਵਾਰ ਗਰਭਵਤੀ ਹੋਣ ਵਿੱਚ ਕਾਫੀ ਸਮਾਂ ਲੱਗ ਜਾਂਦਾ ਹੈ। ਇਸ ਬੀਮਾਰੀ ਨਾਲ ਮਰੀਜ਼ ਬੰਦੇ ਵੀ ਬੱਚੇ ਪੈਦਾ ਕਰਨ ਦੀ ਸ਼ਕਤੀ ਖੋਹ ਲੈਂਦੇ ਹਨ। ਕਈ ਵਾਰ ਵਿਟਾਮਿਨ ਤੇ ਗਲੂਟਨ ਤੋਂ ਅਲੱਗ ਖ਼ੁਰਾਕ ਖਾਣੇ ਨਾਲ ਇਹ ਮੁਸ਼ਕਲਾਂ ਹੱਲ ਹੋ ਜਾਂਦੀਆਂ ਹਨ।

ਚਲਦਾ...



# ਪਾਕਿਸਤਾਨ ਵੱਲੋਂ ਇਰਾਨ ਖ਼ਿਲਾਫ਼ ਜਵਾਬੀ ਕਾਰਵਾਈ

## ਸਿਸਤਾਨ-ਬਲੋਚਿਸਤਾਨ ’ਚ ਦਹਿਸ਼ਤੀ ਟਿਕਾਣਿਆਂ ’ਤੇ ਕੀਤੇ ਹਮਲੇ; ਫ਼ੌਜੀ ਕਾਰਵਾਈ ’ਚ 9 ਵਿਅਕਤੀ ਹਲਾਕ

ਇਸਲਾਮਾਬਾਦ-ਇਰਾਨ ਵੱਲੋਂ ਮਿਜ਼ਾਈਲ ਹਮਲੇ ਕਰਨ ਦੇ ਇਕ ਦਿਨ ਬਾਅਦ ਪਾਕਿਸਤਾਨ ਨੇ ਜਵਾਬੀ ਕਾਰਵਾਈ ਕਰਦਿਆਂ ਇਰਾਨ ਦੇ ਸਿਸਤਾਨ-ਬਲੋਚਿਸਤਾਨ ਸੂਬੇ ‘ਚ ਬਲੋਚਿਸਤਾਨ ਲਿਬਰੇਸ਼ਨ ਆਰਮੀ ਅਤੇ ਬਲੋਚਿਸਤਾਨ ਲਿਬਰੇਸ਼ਨ ਫਰੰਟ ਦੇ ਦਹਿਸ਼ਤੀ ਟਿਕਾਣਿਆਂ ‘ਤੇ ਹਮਲੇ ਕਰਨ ਦਾ ਦਾਅਵਾ ਕੀਤਾ ਹੈ। ਇਸ ਹਮਲੇ ‘ਚ 9 ਵਿਅਕਤੀ ਮਾਰੇ ਗਏ। ਪਾਕਿਸਤਾਨ ਵੱਲੋਂ ਇਰਾਨ ਤੋਂ ਆਪਣਾ ਸਫ਼ੀਰ ਵਾਪਸ ਸੱਦਣ ਅਤੇ ਸਾਰੇ ਦੌਰੇ ਮੁਅੱਤਲ ਕਰਨ ਦੇ ਇਕ ਦਿਨ ਬਾਅਦ ਇਹ ਹਮਲੇ ਕੀਤੇ ਗਏ ਹਨ। ਪਾਕਿਸਤਾਨ ਦੇ ਵਿਦੇਸ਼ ਦਫ਼ਤਰ ਨੇ ਇਕ ਬਿਆਨ ‘ਚ ਕਿਹਾ,“ਅੱਜ ਸਵੇਰੇ ਪਾਕਿਸਤਾਨ ਨੇ ਇਰਾਨ ਦੇ ਸਿਸਤਾਨ-ਬਲੋਚਿਸਤਾਨ ਸੂਬੇ ‘ਚ ਦਹਿਸ਼ਤੀ ਟਿਕਾਣਿਆਂ ‘ਤੇ ਪੂਰੇ ਤਾਲਮੇਲ ਨਾਲ ਸਟੀਕ ਫ਼ੌਜੀ ਹਮਲੇ ਕੀਤੇ ਹਨ।“ ਉਨ੍ਹਾਂ ਕਿਹਾ ਕਿ ਖ਼ੁਫ਼ੀਆ ਸੂਚਨਾ ਦੇ ਆਧਾਰ ‘ਤੇ ਕੀਤੀ ਗਈ ਇਸ ਕਾਰਵਾਈ ‘ਚ ਕਈ ਦਹਿਸ਼ਤਗਰਦ ਮਾਰੇ ਗਏ ਹਨ। ਇਸ ਕਾਰਵਾਈ ਦਾ ਕੋਡ ਨੇਮ ‘ਮਾਰਗ ਬਾਰ ਸਰਮਾਚਰ’ ਸੀ। ਫਾਰਸੀ ਭਾਸ਼ਾ ‘ਚ ‘ਮਾਰਗ ਬਾਰ’ ਦਾ ਮਤਲਬ ‘ਮੌਤ’ ਹੈ ਜਦਕਿ ਬਲੋਚ ਭਾਸ਼ਾ ‘ਚ ‘ਸਰਮਾਚਰ’ ਦਾ ਮਤਲਬ ਗੁਰੀਲਾ ਹੈ। ਪਾਕਿਸਤਾਨੀ ਫ਼ੌਜ ਦੇ ਮੀਡੀਆ ਵਿੰਗ ਇੰਟਰ ਸਰਵਿਸਿਜ਼ ਪਬਲਿਕ ਰਿਲੇਸ਼ਨਸ (ਆਈਐੱਸਪੀਆਰ) ਨੇ ਇਕ ਬਿਆਨ ‘ਚ ਕਿਹਾ ਕਿ ਡਰੋਨ, ਰਾਕੇਟ, ਯੁੱਧ ਸਮੱਗਰੀ ਅਤੇ ਹੋਰ ਹਥਿਆਰਾਂ ਦੀ ਵਰਤੋਂ ਕਰਕੇ ਸਟੀਕ ਹਮਲੇ ਕੀਤੇ ਗਏ। ਪਾਕਿਸਤਾਨ ‘ਚ ਸੂਤਰਾਂ ਨੇ ਦੱਸਿਆ ਕਿ ਅੱਜ ਸਵੇਰੇ ਕਰੀਬ ਛੇ ਵਜੇ ਹਥਿਆਰਬੰਦ ਬਲਾਂ ਦੇ ਜੁਆਇੰਟ ਸਟਾਫ਼ ਹੈੱਡਕੁਆਰਟਰ ਨੇ ਇਰਾਨ ਅੰਦਰ ਅਤਿਵਾਦ ਵਿਰੋਧੀ ਹਵਾਈ ਹਮਲਿਆਂ ਦਾ ਹੁਕਮ ਦਿੱਤਾ। ਇਕ ਸੂਤਰ ਨੇ ਕਿਹਾ ਕਿ ਇਹ ਹਮਲੇ ਪਾਕਿਸਤਾਨੀ ਹਵਾਈ ਸੈਨਾ ਦੇ ਜੈੱਟਾਂ ਵੱਲੋਂ ਕੀਤੇ ਗਏ। ਹਮਲੇ ਸਮੇਂ ਲੜਾਕੂ ਜਹਾਜ਼ ਪਾਕਿਸਤਾਨੀ ਹਵਾਈ ਖੇਤਰ ਅੰਦਰ ਹੀ ਸਨ। ਮਨੁੱਖ ਰਹਿਤ ਜਹਾਜ਼ ਰਾਹੀਂ ਦਹਿਸ਼ਤਗਰਦਾਂ ਦੀ ਭਾਲ ਮਗਰੋਂ ਕੁੱਲ ਸੱਤ ਟਿਕਾਣਿਆਂ ਨੂੰ ਹਮਲੇ ਲਈ ਚੁਣਿਆ ਗਿਆ। ਆਈਐੱਸਪੀਆਰ ਨੇ ਕਿਹਾ,“ਬਲੋਚਿਸਤਾਨ ਲਿਬਰੇਸ਼ਨ ਆਰਮੀ ਅਤੇ ਬਲੋਚਿਸਤਾਨ ਲਿਬਰੇਸ਼ਨ ਫਰੰਟ ਜਿਹੀਆਂ



ਦਹਿਸ਼ਤੀ ਜਥੇਬੰਦੀਆਂ ਵੱਲੋਂ ਵਰਤੇ ਜਾ ਰਹੇ ਟਿਕਾਣਿਆਂ ‘ਤੇ ਖ਼ੁਫ਼ੀਆ ਆਧਾਰ ‘ਤੇ ਸਫ਼ਲਤਾਪੂਰਬਕ ਅਪਰੇਸ਼ਨ ਕੀਤਾ ਗਿਆ।“ ਦੋਵੇਂ ਜਥੇਬੰਦੀਆਂ ਨੇ ਪਹਿਲਾਂ ਵੀ ਕਈ ਵਾਰ ਪਾਕਿਸਤਾਨ ‘ਚ ਹਮਲੇ ਕੀਤੇ ਹਨ। ਉਧਰ ਇਰਾਨੀ ਵਿਦੇਸ਼ ਮੰਤਰਾਲੇ ਦੇ ਤਰਜਮਾਨ ਨਾਸਿਰ ਕਨਾਨੀ ਨੇ ਹਮਲੇ ਦੀ ਨਿੰਦਾ ਕੀਤੀ ਅਤੇ ਕਿਹਾ ਕਿ ਇਰਾਨ ਨੇ ਪਾਕਿਸਤਾਨੀ ਮਿਸ਼ਨ ਦੇ ਇੰਚਾਰਜ ਨੂੰ ਤਲਬ ਕਰਕੇ ਆਪਣਾ ਰੋਸ ਦਰਜ ਕਰਵਾਉਂਦਿਆਂ ਹਮਲੇ ਬਾਰੇ ਸਫ਼ਾਈ ਮੰਗੀ ਹੈ। ਸੂਬੇ ਦੇ ਉਪ ਗਵਰਨਰ ਅਲੀਰਜ਼ਾ ਮਰਹਮਤੀ ਦੇ ਹਵਾਲੇ ਨਾਲ ਸਰਕਾਰੀ ਪ੍ਰੈੱਸ ਟੀਵੀ ਨੇ ਕਿਹਾ ਕਿ ਹਮਲੇ ‘ਚ ਤਿੰਨ ਔਰਤਾਂ ਅਤੇ ਚਾਰ ਬੱਚਿਆਂ ਸਮੇਤ 9 ਗ਼ੈਰ-ਇਰਾਨੀ ਨਾਗਰਿਕ ਮਾਰੇ ਗਏ ਹਨ। ਉਨ੍ਹਾਂ ਕਿਹਾ ਕਿ ਮਾਮਲੇ ਦੀ ਜਾਂਚ ਇਰਾਨੀ ਸੁਰੱਖਿਆ ਅਧਿਕਾਰੀ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਸੂਬੇ ਦੀ ਰਾਜਧਾਨੀ ਜ਼ਾਹੇਦਾਨ ਤੋਂ 347 ਕਿਲੋਮੀਟਰ ਦੂਰ ਦੱਖਣ-ਪੂਰਬ ‘ਚ ਸਰਵਨ ਸ਼ਹਿਰ ਨੇੜੇ ਵੀ ਇਕ ਧਮਾਕਾ ਹੋਇਆ ਜਿਸ ‘ਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਇਰਾਨ ਦੇ ਗ੍ਰਹਿ ਮੰਤਰੀ ਅਹਿਮਦ ਵਾਹਿਦੀ ਨੇ ਬਾਅਦ ‘ਚ ਮ੍ਰਿਤਕਾਂ ਦੀ ਗਿਣਤੀ ਦੀ ਪੁਸ਼ਟੀ ਕੀਤੀ। ਇਰਾਨ ਦੇ ਹਮਲੇ ਅਤੇ ਪਾਕਿਸਤਾਨ ਦੀ ਜਵਾਬੀ ਕਾਰਵਾਈ ਨੇ ਪੱਛਮੀ ਏਸ਼ੀਆ ਦੇ ਅਸ਼ਾਂਤ ਖ਼ਿੱਤੇ ‘ਚ ਫਿਕਰ ਵਧਾ ਦਿੱਤਾ ਹੈ ਜਿਥੇ ਪਹਿਲਾਂ ਤੋਂ ਹੀ ਗਾਜ਼ਾ ਪੱਟੀ ‘ਚ ਹਮਾਸ ਖ਼ਿਲਾਫ਼ ਇਜ਼ਰਾਈਲ ਦੀ ਜੰਗ ਅਤੇ ਯਮਨ ਦੇ ਹੂਤੀ ਬਾਗ਼ੀਆਂ ਵੱਲੋਂ ਲਾਲ ਸਾਗਰ ‘ਚ ਵਪਾਰਕ ਜਹਾਜ਼ਾਂ ਨੂੰ ਨਿਸ਼ਾਨਾ ਬਣਾਏ ਜਾਣ ਨਾਲ ਤਣਾਅ ਫੈਲਿਆ ਹੋਇਆ ਹੈ। ਪਾਕਿਸਤਾਨ ਦੇ ਵਿਦੇਸ਼ ਦਫ਼ਤਰ ਨੇ ਕਿਹਾ ਕਿ ਮੁਲਕ ਨੇ ਇਰਾਨ ਅੰਦਰ ਖ਼ੁਦ ਨੂੰ ‘ਸਰਮਾਚਰ’ ਆਖੇ ਜਾਣ ਵਾਲੇ ਪਾਕਿਸਤਾਨੀ ਮੂਲ ਦੇ ਦਹਿਸ਼ਤਗਰਦਾਂ ਦੇ ਸੁਰੱਖਿਅਤ ਟਿਕਾਣਿਆਂ ਬਾਰੇ ਇਰਾਨ ਕੋਲ ਲਗਾਤਾਰ ਆਪਣੀਆਂ ਚਿੰਤਾਵਾਂ ਸਾਂਝੀਆਂ ਕੀਤੀਆਂ ਹਨ। ‘ਸਾਡੀਆਂ ਗੰਭੀਰ ਚਿੰਤਾਵਾਂ ‘ਤੇ ਕਾਰਵਾਈ ਨਾ ਕੀਤੇ ਜਾਣ ਕਾਰਨ ਕਥਿਤ ਸਰਮਾਚਰ ਬੇਖ਼ੌਫ਼ ਹੋ ਕੇ ਬੇਕਸੂਰ ਪਾਕਿਸਤਾਨੀਆਂ ਦਾ ਖ਼ੂਨ ਵਹਾਉਂਦੇ ਰਹੇ। ਅੱਜ ਸਵੇਰੇ ਦੀ ਕਾਰਵਾਈ ਖ਼ੁਫ਼ੀਆ ਜਾਣਕਾਰੀ ਦੇ ਆਧਾਰ ‘ਤੇ ਕੀਤੀ ਗਈ ਹੈ। ਇਹ ਕਾਰਵਾਈ ਸਾਰੇ ਖ਼ਤਰਿਆਂ ਖ਼ਿਲਾਫ਼ ਆਪਣੀ ਕੌਮੀ ਸੁਰੱਖਿਆ ਪ੍ਰਤੀ ਪਾਕਿਸਤਾਨ ਦੇ ਮਜ਼ਬੂਤ ਇਰਾਦੇ ਨੂੰ ਪ੍ਰਦਰਸ਼ਿਤ ਕਰਦੀ ਹੈ।‘ ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਪਾਕਿਸਤਾਨ ਆਪਣੇ ਲੋਕਾਂ ਦੀ ਰਾਖੀ ਅਤੇ ਸੁਰੱਖਿਆ ਲਈ ਲੋੜੀਂਦੇ ਕਦਮ ਚੁੱਕਣਾ ਜਾਰੀ ਰਖੇਗਾ। ਪਾਕਿਸਤਾਨ ਦੇ ਰਾਸ਼ਟਰਪਤੀ ਆਰਿਫ਼ ਅਲਵੀ ਨੇ ਕਿਹਾ ਕਿ ਦੋਵੇਂ ਗੁਆਂਢੀ ਭਾਈਚਾਰਕ ਸਾਂਝ ਵਾਲੇ ਮੁਲਕ ਹਨ ਅਤੇ ਉਨ੍ਹਾਂ ਨੂੰ ਗੱਲਬਾਤ ਤੇ ਆਪਸੀ ਵਿਚਾਰ ਵਟਾਂਦਰੇ ਰਾਹੀਂ ਮਸਲਿਆਂ ਦਾ ਹੱਲ ਕੱਢਣਾ ਚਾਹੀਦਾ ਹੈ।

## ਚੀਨ ਵੱਲੋਂ ਤਣਾਅ ਘਟਾਉਣ ਲਈ ਉਸਾਰੂ ਭੂਮਿਕਾ ਨਿਭਾਉਣ ਦੀ ਪੇਸ਼ਕਸ਼

ਪੇਈਚਿੰਗ: ਚੀਨ ਨੇ ਪਾਕਿਸਤਾਨ ਅਤੇ ਇਰਾਨ ਵੱਲੋਂ ਇਕ-ਦੂਜੇ ਦੇ ਮੁਲਕ ‘ਤੇ ਕੀਤੇ ਗਏ ਹਮਲਿਆਂ ਮਗਰੋਂ ਦੋਵੇਂ ਮੁਲਕਾਂ ਵਿਚਕਾਰ ਪੈਦਾ ਹੋਏ ਤਣਾਅ ਨੂੰ ਘਟਾਉਣ ‘ਚ ਉਸਾਰੂ ਭੂਮਿਕਾ ਨਿਭਾਉਣ ਦੀ ਪੇਸ਼ਕਸ਼ ਕੀਤੀ ਹੈ। ਚੀਨ ਨੇ ਦੋਵੇਂ ਮੁਲਕਾਂ ਨੂੰ ਸੰਜਮ ਵਰਤਣ ਅਤੇ ਟਕਰਾਅ ਟਾਲਣ ਨੂੰ ਕਿਹਾ ਹੈ। ਉਂਜ ਇਸ ਘਟਨਾਕ੍ਰਮ ਨੇ ਚੀਨ ਨੂੰ ਦੁਚਿੱਤੀ ‘ਚ ਫਸਾ ਦਿੱਤਾ ਹੈ ਕਿਉਂਕਿ ਪਾਕਿਸਤਾਨ ਉਸ ਦਾ ਕਰੀਬੀ ਮਿੱਤਰ ਹੈ ਜਦਕਿ ਇਰਾਨ ਨੇ ਪਿਛਲੇ ਕੁਝ ਵਰ੍ਹਿਆਂ ‘ਚ ਪੱਛਮੀ ਏਸ਼ੀਆ ਖ਼ਿੱਤੇ ‘ਚ ਚੀਨ ਨੂੰ ਆਪਣਾ ਅਸਰ ਵਧਾਉਣ ‘ਚ ਮਦਦ ਕੀਤੀ ਹੈ। ਚੀਨੀ ਵਿਦੇਸ਼ ਮੰਤਰਾਲੇ ਦੀ ਤਰਜਮਾਨ ਮਾਓ ਨਿੰਗ ਨੇ ਪ੍ਰੈੱਸ ਕਾਨਫਰੰਸ ‘ਚ ਪਾਕਿਸਤਾਨ ਵੱਲੋਂ ਇਰਾਨ ‘ਤੇ ਕੀਤੇ ਗਏ ਹਮਲੇ ਤੋਂ ਜਾਣਕਾਰੀ ਹੋਣ ਤੋਂ ਇਨਕਾਰ ਕੀਤਾ। ਉਂਜ ਮਾਓ ਨੇ ਕਿਹਾ ਕਿ ਚੀਨ ਦਾ ਹਮੇਸ਼ਾ ਮੰਨਣਾ ਹੈ ਕਿ ਮੁਲਕਾਂ ਵਿਚਕਾਰ ਸਬੰਧਾਂ ਨੂੰ ਸੰਯੁਕਤ ਰਾਸ਼ਟਰ ਚਾਰਟਰ ਅਤੇ ਕੌਮਾਂਤਰੀ ਕਾਨੂੰਨ ਦੇ ਉਦੇਸ਼ਾਂ ਤੇ ਸਿਧਾਂਤਾਂ ਦੇ ਆਧਾਰ ‘ਤੇ ਸਿੱਝਿਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਾਰੇ ਮੁਲਕਾਂ ਦੀ ਖ਼ੁਦਮੁਖਤਿਆਰੀ, ਆਜ਼ਾਦੀ ਅਤੇ ਖੇਤਰੀ ਅਖੰਡਤਾ ਦਾ ਸਨਮਾਨ ਅਤੇ ਸੁਰੱਖਿਆ ਕੀਤੀ ਜਾਣੀ ਚਾਹੀਦੀ ਹੈ।

BRITISH COLUMBIA

ਬਹੁਤ ਸਾਰੇ ਸਟ੍ਰੀਟ ਡਰੱਗਜ਼ (ਨਸ਼ੀਲੇ ਪਦਾਰਥ) ਜ਼ਹਿਰੀਲੇ ਹਨ।

ਕੋਈ ਵੀ ਖ਼ੁਰਾਕ ਘਾਤਕ ਹੋ ਸਕਦੀ ਹੈ।

ਸਟ੍ਰੀਟ ਡਰੱਗਜ਼ ਵਿੱਚ ਅਕਸਰ ਫੈਂਟਾਨਿਲ ਜਾਂ ਹੋਰ ਲੁਕਵੇਂ ਜ਼ਹਿਰ ਮਿਲਾਏ ਜਾਂਦੇ ਹਨ ਜੋ ਕਿਸੇ ਵਿਅਕਤੀ ਨੂੰ ਗੰਭੀਰ ਰੂਪ ਵਿੱਚ ਨੁਕਸਾਨ ਪਹੁੰਚਾ ਸਕਦੇ ਹਨ ਜਾਂ ਮਾਰ ਸਕਦੇ ਹਨ।

ਆਪਣੇ ਬੱਚਿਆਂ ਨਾਲ ਤੱਥਾਂ ਬਾਰੇ ਗੱਲ ਕਰੋ।

PoisonDrugs.gov.bc.ca

# ਕਿਆਰਾ ਨੇ ਆਪਣੇ ਪਤੀ ਸਿਧਾਰਥ ਨੂੰ ਖਾਸ ਅੰਦਾਜ਼ 'ਚ ਦਿੱਤੀ ਜਨਮ ਦਿਨ ਦੀ ਵਧਾਈ

ਮੁੰਬਈ-ਬੌਲੀਵੁੱਡ ਅਦਾਕਾਰ ਸਿਧਾਰਥ ਮਲਹੋਤਰਾ ਦਾ ਅੱਜ ਜਨਮ ਦਿਨ ਹੈ ਤੇ ਉਸ ਦੀ ਪਤਨੀ ਤੇ ਅਦਾਕਾਰਾ ਕਿਆਰਾ ਅਡਵਾਨੀ ਨੇ ਆਪਣੇ ਨੂੰ ਖਾਸ ਅੰਦਾਜ਼ ਵਿੱਚ ਜਨਮ ਦਿਨ ਦੀਆਂ ਵਧਾਈਆਂ ਦਿੱਤੀਆਂ ਹਨ। ਕਿਆਰਾ ਨੇ ਇੰਸਟਾਗ੍ਰਾਮ 'ਤੇ ਅਦਾਕਾਰ ਦੇ ਜਨਮ ਦਿਨ ਦੇ ਜਸ਼ਨ ਦੀਆਂ ਕੁਝ ਤਸਵੀਰਾਂ ਸਾਂਝੀਆਂ ਕੀਤੀਆਂ ਹਨ। ਉਸ ਨੇ ਇੰਸਟਾਗ੍ਰਾਮ



ਸਟੋਰੀ ਵਿਚ ਇਕ ਵੀਡੀਓ ਵੀ ਸਾਂਝੀ ਕੀਤੀ ਹੈ ਜਿਸ ਦੀ ਕੈਪਸ਼ਨ ਵਿੱਚ ਉਸ ਨੇ ਲਿਖਿਆ, 'ਜਨਮ ਦਿਨ ਮੁਬਾਰਕ ਪਿਆਰੇ।' ਇਸ ਦੇ ਨਾਲ ਹੀ ਉਸ ਨੇ ਦਿਲ ਵਾਲਾ ਇਮੋਜੀ ਵੀ ਸਾਂਝਾ ਕੀਤਾ। ਇਸ ਵੀਡੀਓ ਵਿੱਚ ਸਿਧਾਰਥ ਨੇ ਰੰਗਦਾਰ ਟੀ-ਸ਼ਰਟ ਪਾਈ ਹੋਈ ਹੈ ਜਦਕਿ ਕਿਆਰਾ ਕਾਲੇ ਡੀਪ-ਨੈੱਕ ਡਰੈੱਸ ਵਿੱਚ ਖਾਸੀ ਫਬ ਰਹੀ ਹੈ। ਇਸ ਵੀਡੀਓ ਕਲਿੱਪ ਵਿੱਚ ਦੋਵੇਂ ਇਕ ਦੂਜੇ ਦੇ ਨਜ਼ਦੀਕ ਦਿਖਾਈ ਦੇ ਰਹੇ ਹਨ ਅਤੇ ਸਿਧਾਰਥ ਆਪਣੇ ਜਨਮ ਦਿਨ ਦਾ ਕੇਕ ਖਾ ਰਿਹਾ ਹੈ। ਦੱਸਣਾ ਬਣਦਾ ਹੈ ਕਿ ਸਿਧਾਰਥ ਅਤੇ ਕਿਆਰਾ ਦਾ ਵਿਆਹ 7 ਫਰਵਰੀ, 2023 ਨੂੰ ਰਾਜਸਥਾਨ ਦੇ ਸੂਰਿਆਗੜ੍ਹ ਪੈਲੇਸ ਵਿੱਚ ਹੋਇਆ ਸੀ। ਇਸ ਤੋਂ ਪਹਿਲਾਂ ਦੋਵਾਂ ਨੂੰ ਫਿਲਮ 'ਸ਼ੇਰਸ਼ਾਹ' ਦੀ ਸ਼ੂਟਿੰਗ ਦੌਰਾਨ ਇੱਕ ਦੂਜੇ ਨਾਲ ਪਿਆਰ ਹੋ ਗਿਆ ਸੀ।

# ਟੀ.ਵੀ. ਸ਼ੋਅ 'ਆਂਖ ਮਿਚੋਲੀ' ਦੇ ਕਿਰਦਾਰ ਲਈ ਦੀਪਿਕਾ ਪਾਦੂਕੋਨ ਤੋਂ ਪ੍ਰੇਰਨਾ ਲਈ-ਖੁਸ਼ੀ ਦੂਬੇ

ਮੁੰਬਈ: ਟੀਵੀ ਸ਼ੋਅ 'ਆਂਖ ਮਿਚੋਲੀ' ਵਿੱਚ ਮੁੱਖ ਭੂਮਿਕਾ 'ਚ ਨਜ਼ਰ ਆਉਣ ਵਾਲੀ ਅਦਾਕਾਰਾ ਖੁਸ਼ੀ ਦੂਬੇ ਨੇ ਆਪਣੇ ਕਿਰਦਾਰ ਲਈ ਬੌਲੀਵੁੱਡ ਅਦਾਕਾਰਾ ਦੀਪਿਕਾ ਪਾਦੂਕੋਨ ਤੋਂ ਪ੍ਰੇਰਨਾ ਲਈ ਹੈ। ਖੁਸ਼ੀ ਨੇ ਸ਼ੋਅ ਵਿੱਚ ਰੁਕਮਣੀ ਦਾ ਕਿਰਦਾਰ ਅਦਾ ਕੀਤਾ ਹੈ ਜੋ ਆਈਪੀਐੱਸ ਅਫਸਰ ਬਣਨ ਦੀ ਇੱਛਾ ਰੱਖਦੀ ਹੈ। ਇਸ ਕਿਰਦਾਰ ਲਈ ਉਸ ਨੇ ਬੌਲੀਵੁੱਡ ਦੀ 'ਲੇਡੀ ਸਿੰਘਮ' ਦੀਪਿਕਾ ਤੋਂ ਪ੍ਰੇਰਨਾ ਲਈ ਹੈ। ਇਸ ਬਾਰੇ ਖੁਸ਼ੀ ਨੇ ਕਿਹਾ, "ਮੈਂ ਇੱਕ ਆਈਪੀਐੱਸ ਅਫਸਰ ਦਾ ਕਿਰਦਾਰ ਨਿਭਾਅ ਰਹੀ ਹਾਂ। ਮੈਂ ਆਪਣੇ ਪਿਛਲੇ ਸ਼ੋਅ ਵਿੱਚ ਵੀ ਪੁਲੀਸ ਅਧਿਕਾਰੀ ਦੀ ਭੂਮਿਕਾ ਨਿਭਾਈ ਸੀ। ਮੈਂ ਆਪਣੇ ਕਿਰਦਾਰ ਲਈ ਦੀਪਿਕਾ ਤੋਂ ਪ੍ਰੇਰਨਾ ਲਈ ਹੈ। ਦੀਪਿਕਾ ਆਪਣੀ ਅਗਲੀ ਫਿਲਮ ਵਿੱਚ 'ਲੇਡੀ ਸਿੰਘਮ' ਦਾ ਕਿਰਦਾਰ ਨਿਭਾਉਂਦੀ ਨਜ਼ਰ ਆਵੇਗੀ। ਜਿਸ ਤਰ੍ਹਾਂ ਉਹ ਆਪਣੇ ਆਪ ਨੂੰ ਸੰਭਾਲਦੀ ਹੈ ਅਤੇ ਪੁਲੀਸ ਅਧਿਕਾਰੀ ਦੇ ਰੋਲ ਵਿੱਚ ਫਿੱਟ ਬੈਠਦੀ ਹੈ, ਉਸ ਤੋਂ ਮੈਨੂੰ ਕਾਫੀ ਪ੍ਰੇਰਨਾ ਮਿਲੀ। ਮੈਨੂੰ ਉਮੀਦ ਹੈ ਕਿ ਮੈਂ ਉਸੇ ਤਰ੍ਹਾਂ ਆਪਣੇ ਕਿਰਦਾਰ ਨੂੰ ਨਿਭਾਅ ਸਕਾਂਗੀ।" ਜ਼ਿਕਰਯੋਗ ਹੈ ਕਿ ਸਟਾਰ ਪਲੱਸ 'ਤੇ 22 ਜਨਵਰੀ ਤੋਂ ਪ੍ਰਸਾਰਿਤ



ਹੋਣ ਵਾਲੇ ਇਸ ਸ਼ੋਅ ਵਿੱਚ ਖੁਸ਼ੀ ਤੋਂ ਇਲਾਵਾ ਨਵਨੀਤ ਮਲਿਕ ਵੀ ਮੁੱਖ ਭੂਮਿਕਾ ਵਿੱਚ ਨਜ਼ਰ ਆਵੇਗਾ।


Buying Your Home?

Need a Quick Approval for Pre-Sale of Condo?

Ranked One of The "TOP MORTGAGE BROKERS" in Canada

2022 TOP 75 BROKERS CMP

plus BONUS FREE LEGAL FEE & APPRAISAL

Superior Mortgage
Unit 244-8138-128 Street, Surrey
604 507 1000
Our Symbol of Care & Service




# ਅਵਿਕਾ ਵੱਲੋਂ ਵਿਕਰਮ ਭੱਟ ਦੀ ਫਿਲਮ 'ਬਲੱਡੀ ਇਸ਼ਕ' ਦੀ ਸ਼ੂਟਿੰਗ ਸ਼ੁਰੂ

ਮੁੰਬਈ: 'ਬਾਲਿਕਾ ਵਧੂ' ਤੇ '1920: ਹਾਰਰਜ਼ ਆਫ ਦਿ ਹਾਰਟ' ਰਾਹੀਂ ਪਛਾਣ ਬਣਾ ਚੁੱਕੀ ਅਦਾਕਾਰਾ ਅਵਿਕਾ ਗੌਰ ਜਲਦੀ ਹੀ ਵਿਕਰਮ ਭੱਟ ਦੇ ਨਿਰਦੇਸ਼ਨ ਹੇਠ ਬਣ ਰਹੀ ਫਿਲਮ 'ਬਲੱਡੀ ਇਸ਼ਕ' ਵਿਚ ਨਜ਼ਰ ਆਵੇਗੀ। ਇਸ ਫਿਲਮ ਦੀ ਕਹਾਣੀ ਮਹੇਸ਼ ਭੱਟ ਨੇ ਲਿਖੀ ਹੈ। ਅਵਿਕਾ ਨੇ ਇਸ ਤੋਂ ਪਹਿਲਾਂ ਫਿਲਮ '1920: ਹਾਰਰਜ਼ ਆਫ ਦਿ ਹਾਰਟ' ਵਿਚ ਵੀ ਭੱਟ ਪਰਿਵਾਰ ਨਾਲ ਕੰਮ ਕੀਤਾ ਸੀ। ਅਵਿਕਾ ਨੇ ਇਸ ਫਿਲਮ ਦੀ ਸ਼ੂਟਿੰਗ ਸ਼ੁਰੂ ਕਰ ਦਿੱਤੀ ਹੈ। ਉਸ ਨੇ ਕਿਹਾ,'ਮੈਂ ਵਿਕਰਮ ਭੱਟ ਤੇ ਮਹੇਸ਼ ਭੱਟ ਨਾਲ ਆਪਣੇ ਦੂਜੇ ਪ੍ਰਾਜੈਕਟ ਨੂੰ ਲੈ ਕੇ ਬਹੁਤ ਉਤਸ਼ਾਹਿਤ ਹਾਂ। ਇਸ ਫਿਲਮ ਦੀ



ਕਹਾਣੀ ਲਿਖਣ ਦਾ ਕੰਮ ਮਹੇਸ਼ ਜੀ ਕਰ ਰਹੇ ਹਨ ਅਤੇ ਵਿਕਰਮ ਜੀ ਇਸ ਵਾਰ ਨਿਰਦੇਸ਼ਨ ਕਰ ਰਹੇ ਹਨ। ਇਸ ਵਾਰ ਵਿਕਰਮ ਭੱਟ ਨਾਲ ਕੰਮ ਕਰਨਾ ਹੋਰ ਵੀ ਰੋਮਾਂਚਕ ਹੈ। ਮੈਂ ਫਿਲਮ ਨਿਰਮਾਣ ਵਿੱਚ ਉਨ੍ਹਾਂ ਦੇ ਤਜਰਬੇ ਤੋਂ ਸਿੱਖਣ ਲਈ ਉਤਸੁਕ ਹਾਂ। ਫਿਲਮ ਦੀ ਕਹਾਣੀ ਅਤੇ ਪੂਰੀ ਫਿਲਮ ਦੀ ਨਿਰਮਾਣ ਪ੍ਰਕਿਰਿਆ ਸ਼ਾਨਦਾਰ ਹੈ। ਮੈਂ ਫਿਲਹਾਲ ਆਪਣੇ ਕਿਰਦਾਰ ਬਾਰੇ ਜ਼ਿਆਦਾ ਖੁਲਾਸਾ ਨਹੀਂ ਕਰ ਸਕਦੀ ਪਰ ਸਾਰਾ ਤਜਰਬਾ ਸ਼ਾਨਦਾਰ ਰਿਹਾ ਹੈ।' ਦੱਸਣਾ ਬਣਦਾ ਹੈ ਕਿ ਅਵਿਕਾ ਦੀਆਂ ਹੋਰ ਹਿੰਦੀ ਤੇ ਤੇਲਗੂ ਫਿਲਮਾਂ ਵੀ ਆਉਣ ਵਾਲੇ ਸਮੇਂ ਰਿਲੀਜ਼ ਹੋਣਗੀਆਂ।


ਸ਼ੋਰ ਸਾਈਡ ਫਿਸ਼ ਕੈਨਰੀ

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।



ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY

- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

PHONE: 604-244-1118
FAX: 604-270-3075

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED


TRANSource
FREIGHTWAYS
ਕੰਮ ਲਈ Drivers and
Owner Operators ਚਾਹੀਦੇ ਹਨ।
ਬੀ ਸੀ ਤੋਂ ਅਲਬਰਟਾ ਅਤੇ
ਅਲਬਰਟਾ ਤੋਂ ਬੀ ਸੀ
ਟਰਾਂਸ ਸੋਰਸ ਨਾਲ ਸਾਰਾ ਦਿਨ ਕੰਮ ਕਰਕੇ ਤੁਸੀਂ ਸ਼ਾਮ ਨੂੰ ਆਪਣੇ ਪਰਿਵਾਰ ਅਤੇ ਬਚਿਆਂ ਨਾਲ ਕੀਮਤੀ ਸਮਾਂ ਬਿਤਾ ਸਕਦੇ ਹੋ।
BC - ALBERTA
ALBERTA - BC
Fuel and Insurance Paid by Company
NO DEDUCTIONS!!
ਸਾਡੀ ਕੰਪਨੀ
ਓਨਰ ਓਪਰੇਟਰਾਂ ਨੂੰ
ਲੋਕਲ ਅਤੇ ਹਾਈਵੇਅ ਰੂਟਾਂ
ਵਾਸਤੇ ਹਾਇਰ ਕਰ ਰਹੀ ਹੈ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
SUKHBIR SINGH:604-525-0527 Ext 112
ਸੋਮਵਾਰ ਤੋਂ ਸ਼ੁੱਕਰਵਾਰ ਸਵੇਰ 9 ਵਜੇ ਤੋਂ ਸ਼ਾਮ 5 ਵਜੇ ਤੱਕ
ਸ਼ਨੀਵਾਰ: 604–808–9805
Email:safety@transourcefreightways.com


fruiticana hee jaana!
Your one and only Punjabi
neighbourhood store Since 1994
੧੯੯੪ ਤੋਂ ਤੁਹਾਡਾ ਅਪਣਾ ਇੱਕੋ ਇੱਕ ਪੰਜਾਬੀ ਨੇਬਰਹੁੱਡ ਸਟੋਰ
LOWEST PRICES IN TOWN
UNBEATABLE EXTRA SUPER SPECIAL
Rewdi (Gur or Sugar)
ਰੇਵੜੀ (ਗੁੜ ਅਤੇ ਖੰਡ)
$2.88 lb
EXTRA SUPER SUPER SPECIAL
Roasted Peanuts in Shell
ਭੁੱਜੀ ਮੂੰਗਫਲੀ
$1.88 lb
Russet Potatoes Snoboy 10 lbs
ਆਲੂ ਰਸਟ ਸਨੋਬੁਆਏ
$3.98 bag
SUPER SPECIAL
Rapini (Sarson da Saag)
ਸਰਸੋਂ ਦਾ ਸਾਗ
$2.49 bunch
SUPER SPECIAL
Fresh Ginger
ਤਾਜ਼ਾ ਅਦਰਕ
$1.98 lb
Red Lentil Whole
ਮਸਰਾ ਦੀ ਸਾਬਤ ਦਾਲ
88¢ lb
Desi Karela
ਦੇਸੀ ਕਰੇਲਾ
$2.49 lb
SUPER SPECIAL
Daikon (Moli)
ਮੂਲੀ
99¢ lb
SUPER SPECIAL
Fresh Garlic
ਤਾਜਾ ਲਸਣ
99¢ lb
SUPER SPECIAL
Cilantro
ਧਣੀਆ
2 bunches for 99¢
Almond Oil 1 L (Indican)
ਇੰਡੀਕੈਂਨ ਬਦਾਮ ਦਾ ਤੇਲ
$12.99 bottle
Swarna Chakki Atta 20 lbs
ਸਵਰਨਾ ਚੱਕੀ ਅੱਟਾ
$17.99 bag
SUPER SPECIAL
Opo Squash (Long)
ਓਪੋ ਕੱਦੂ
99¢ lb
Bartlett Pears
ਬਾਰਟਲੇਟ ਨਾਸ਼ਪਾਤੀ
$1.29 lb
Anjou Pears
ਅੰਜੂ ਨਾਸ਼ਪਾਤੀ
$1.29 lb
Masala Gur 2 lbs Shell
ਮਸਾਲਾ ਗੁੜ
$2.99 pkg.
Red Lentil Whole, Red Lentil Split & Black Chana 4 lbs (Indican)
ਧੋਤੀ ਮਸਰਾਂ ਦੀ ਦਾਲ
ਮਸਰਾ ਦੀ ਸਾਬਤ ਦਾਲ, ਕਾਲੇ ਛੋਲੇ
(ਇੰਡੀਕੈਂਨ)
$3.98 bag
Spinach
ਪਾਲਕ
$1.28 bunch
Gala Apples US #1
ਗਾਲਾ ਸੇਬ ਯੂ.ਐਸ. #੧
99¢ lb
Red Delicious Apples USA #1
ਲਾਲ ਸਵਾਦ ਸੇਬ ਯੂ.ਐਸ. #੧
88¢ lb
Heer Besan 4 lbs
ਹੀਰ ਬੇਸਨ
$3.99 pkg.
Red Lentil Split
ਧੋਤੀ ਮਸਰਾਂ ਦੀ ਦਾਲ
88¢ lb
Large Seedless Oranges
ਵੱਡੇ ਸੰਤਰੇ
(ਬਿਨਾ ਬੀਜ ਤੋਂ)
99¢ lb
Yellow Onions 50 lbs USA #1
ਪੀਲੇ ਗੰਢੇ ਯੂ.ਐਸ. #੧
YELLOW ONIONS
$16.99 bag
Green Cabbage
ਹਰੀ ਬੰਦ ਗੋਭੀ
69¢ lb
Brar Malai Paneer 375 g
ਬਰਾੜ ਮਲਾਈ ਪਨੀਰ
$4.99 pkg.
Fri Jan 19, 2024 - Wed Jan 24, 2024
We reserve the right to limit the quantities while they last
Specials valid for Lower Mainland only
Product images may differ from the actual product.
22 LOCATIONS TO SERVE YOU IN BC & ALBERTA
Head Office: 7676 Anvil Way, Surrey
604-502-0005
fruiticana
SINCE 1994
BUSINESS HOURS
9 AM - 8 PM
7 DAYS A WEEK
Newton ---------- 13783 72nd Ave. Surrey ---- 604-590-2080
Newton ---------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ---------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Fleetwood ------- 15230 84 Ave. --------------- 236-317-6272
Surrey ------------ 12990 72nd Ave. ------------ 604-503-5510
Surrey ----------- 12788 76A Ave. Surrey ----- 604-597-1676
Surrey ----------- 16788 64 Ave. --------------- 604-372-2023
Surrey ----------- 101-7228 192St. -------------- 604-575-3750
New Westminster 101-331 6th St. -------------- 604-395-3595
Abbotsford------ 2785 Bourquin Crescent W. 604-744-0328
Abbotsford ------ 31205 Maclure Rd. ---------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. -------------- 604-321-9931
Richmond-------- 4101 No.5 Rd. ---------------- 604-244-9520